**ਸੈਸ਼ਨ:2025-26**
**ਜਮਾਤ: ਛੇਵੀਂ**
**ਵਿਸ਼ਾ: ਪੰਜਾਬੀ**

## ਪਾਠ-2 ((ਆਪਣੇ-ਆਪਣੇ ਥਾਂ ਸਾਰੇ ਚੰਗੇ)

➢ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਰਸੋਈ ਦੀ ਅਲਮਾਰੀ ਵਿੱਚ ਇਲਾਚੀ, ਸੌਂਫ, ਜਵੈਣ, ਅੰਬਚੂਰ ਤੇ ਅਨਾਰਦਾਨਾ ਵੱਖ-ਵੱਖ ਲਿਫ਼ਾਫ਼ਿਆਂ ਅੰਦਰ ਬੈਠੇ ਰਹਿੰਦੇ ਸਨ। ਜਦੋਂ ਮਈ ਦਾ ਮਹੀਨਾ ਆਇਆ, ਦੁਪਹਿਰ ਵੇਲ਼ੇ ਇਲਾਚੀ ਨੂੰ ਬੜੀ ਗਰਮੀ ਲੱਗੀ। ਉਹ ਸਭ ਤੋਂ ਜਲਦੀ ਲਿਫ਼ਾਫ਼ੇ ਵਿੱਚੋਂ ਬਾਹਰ ਆ ਗਈ। ਫੇਰ ਸੌਂਫ ਨੂੰ ਵੀ ਗਰਮੀ ਲੱਗੀ ਤੇ ਜਵੈਣ ਨੂੰ ਵੀ ਗਰਮੀ ਲੱਗੀ, ਅੰਬਚੂਰ ਤੇ ਅਨਾਰਦਾਣੇ ਨੂੰ ਵੀ ਗਰਮੀ ਲੱਗੀ। ਸਾਰੇ ਹੀ ਲਿਫ਼ਾਫ਼ਿਆਂ ਵਿੱਚੋਂ ਨਿਕਲ਼ ਆਏ। ਨੇੜੇ ਢੱਕਣ ਉੱਤੇ ਪੂਦਨਾ ਪਿਆ ਸੀ। ਪੂਦਨੇ ਨੂੰ ਵੀ ਢੱਕਣ ਬੜਾ ਗਰਮ ਲੱਗਾ। ਪੂਦਨਾ ਢੱਕਣ ਉੱਤੋਂ ਉੱਤਰ ਕੇ ਆਪਣੇ ਬੇਲੀ ਅਨਾਰਦਾਣੇ ਕੋਲ਼ ਆ ਗਿਆ। ਇਲਾਚੀ ਆਪਣੇ-ਆਪ ਨੂੰ ਇਹਨਾਂ ਸਭਨਾਂ ਵਿੱਚੋਂ ਉੱਤਮ ਸਮਝਦੀ ਸੀ। ਉਹ ਕਹਿਣ ਲੱਗੀ, "ਮੈਂ ਬੜੀ ਸੁੰਦਰ ਹਾਂ। ਗੁਣਾਂ ਵਿੱਚ ਵੀ ਸਭ ਤੋਂ ਚੰਗੀ ਹਾਂ। ਤੁਸੀਂ ਮੇਰੇ ਨੇੜੇ ਬੈਠੇ ਚੰਗੇ ਨਹੀਂ ਲੱਗਦੇ। ਮੈਂ ਤੁਹਾਡੇ ਵਿੱਚੋਂ ਸਭ ਤੋਂ ਮਹਿੰਗੀ ਹਾਂ। ਸ਼ਰਬਤ ਬਣਾਓ ਤਾਂ ਮੈਨੂੰ ਵਿੱਚ ਪਾ ਲਓ। ਮੈਂ ਤਾਂ ਚੰਗੀਆਂ-ਚੰਗੀਆਂ ਮਿਠਿਆਈਆਂ ਵਿੱਚ ਪੈ ਜਾਂਦੀ ਹਾਂ।" ਸੌਂਫ ਤੇ ਜਵੈਣ ਇਕੱਠੀਆਂ ਬੈਠੀਆਂ ਸਨ। ਜਵੈਣ ਨੇ ਸੌਂਫ ਨੂੰ ਕਿਹਾ, "ਦੇਖ ਭੈਣੇ, ਅੱਜ ਇਲਾਚੀ ਨੂੰ ਕੀ ਗਰਮੀ ਚੜ੍ਹ ਗਈ ਏ? ਕਹਿੰਦੀ ਏ ਅਸੀਂ ਇਹਦੇ ਨੇੜੇ ਨਾ ਬੈਠੀਏ, ਕਿਤੇ ਦੂਰ ਚਲੀਆਂ ਜਾਈਏ। ਵੱਡੀ ਗੁਣਾਂ ਵਾਲ਼ੀ। ਜਦੋਂ ਢਿੱਡ-ਪੀੜ ਹੋਵੇ, ਉਦੋਂ ਇਲਾਚੀ ਨੂੰ ਕੋਈ ਨਹੀਂ ਪੁੱਛਦਾ। ਸਾਰੇ ਤੈਨੂੰ ਜਾਂ ਮੈਨੂੰ ਹੀ ਖਾਂਦੇ ਨੇ, ਜੇ ਇਤਬਾਰ ਨਹੀਂ ਤਾਂ ਹਕੀਮਾਂ, ਵੈਦਾਂ ਕੋਲ਼ੋਂ ਇਹ ਸਾਡੇ ਗੁਣ ਪੁੱਛ ਕੇ ਦੇਖ ਲਵੇ।"

1. **ਇਲਾਚੀ, ਸੌਂਫ, ਜਵੈਣ ਤੇ ਅੰਬਚੂਰ ਕਿਸ ਵਿੱਚ ਬੰਦ ਸਨ?**
   ੳ. ਢੱਕਣ ਵਿੱਚ — ਅ. ਲਿਫ਼ਾਫ਼ਿਆਂ ਵਿੱਚ
   ੲ. ਅਲਮਾਰੀ ਵਿੱਚ — ਸ. ਮਿਠਿਆਈਆਂ ਵਿੱਚ।
2. **ਪੂਦਨਾ ਕਿਸ ਉੱਪਰ ਪਿਆ ਸੀ?**
   ੳ. ਅਲਮਾਰੀ ਉੱਪਰ — ਅ. ਲਿਫ਼ਾਫ਼ੇ ਉੱਪਰ
   ੲ. ਢੱਕਣ ਉੱਪਰ — ਸ. ਅਨਾਰਦਾਣੇ ਉੱਪਰ।
3. **ਕੌਣ ਆਪਣੇ-ਆਪ ਨੂੰ ਸਭ ਤੋਂ ਉੱਤਮ ਸਮਝਦਾ ਸੀ?**
   ੳ. ਸੌਂਫ — ਅ. ਜਵੈਣ
   ੲ. ਇਲਾਚੀ — ਸ. ਅਨਾਰਦਾਣਾ।
4. **ਪੂਦਨੇ ਦਾ ਬੇਲੀ ਕੌਣ ਸੀ?**
   ੳ. ਅੰਬਚੂਰ — ਅ. ਅਨਾਰਦਾਣਾ
   ੲ. ਢੱਕਣ — ਸ. ਸ਼ਰਬਤ।
5. **ਕਿਹੜਾ ਮਹੀਨਾ ਚੱਲ ਰਿਹਾ ਸੀ?**
   ੳ. ਜਨਵਰੀ — ਅ. ਮਈ
   ੲ. ਮਾਰਚ — ਸ. ਅਗਸਤ।

## ਪਾਠ-3 (ਮਹਾਤਮਾ ਗਾਂਧੀ)

➢ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਗਾਂਧੀ ਜੀ ਦੇ ਮਨ 'ਤੇ ਸਰਵਣ ਦੀ ਪਿਤਰੀ-ਭਗਤੀ ਦਾ ਵੀ ਬਹੁਤ ਪ੍ਰਭਾਵ ਪਿਆ। ਸਰਵਣ ਇੱਕ ਆਗਿਆਕਾਰੀ ਪੁੱਤਰ ਸੀ। ਉਸ ਦੇ ਬਿਰਧ ਨੇਤਰਹੀਣ ਮਾਂ-ਬਾਪ ਤੀਰਥ-ਯਾਤਰਾ ਕਰਨ ਦੀ ਇੱਛਾ ਰੱਖਦੇ ਸਨ। ਸਰਵਣ ਨੇ ਆਪਣੇ ਮਾਪਿਆਂ ਦੀ ਇੱਛਾ ਪੂਰੀ ਕਰਨ ਲਈ ਇੱਕ ਵਹਿੰਗੀ ਬਣਵਾਈ। ਉਸ ਨੇ ਆਪਣੇ ਮਾਪਿਆਂ ਨੂੰ ਵਹਿੰਗੀ ਵਿੱਚ ਬਿਠਾਇਆ ਤੇ ਤੀਰਥਾਂ

'ਤੇ ਚੱਲ ਪਿਆ। ਗਾਂਧੀ ਜੀ ਮਾਤਾ-ਪਿਤਾ ਦੀ ਸੇਵਾ ਨੂੰ ਪਰਮ-ਧਰਮ ਮੰਨਦੇ ਸਨ।ਜਦੋਂ ਗਾਂਧੀ ਜੀ ਸਕੂਲ ਵਿੱਚ ਪੜ੍ਹਦੇ ਸਨ ਤਾਂ ਉਨ੍ਹਾਂ ਦੇ ਸਕੂਲ ਵਿੱਚ ਇੱਕ ਇਨਸਪੈਕਟਰ ਨਿਰੀਖਣ ਕਰਨ ਆਏ। ਉਨ੍ਹਾਂ ਨੇ ਬੱਚਿਆਂ ਦੀ ਲਿਆਕਤ ਪਰਖਣ ਲਈ ਸ਼੍ਰੇਣੀ ਵਿੱਚ ਵਿਦਿਆਰਥੀਆਂ ਨੂੰ ਕੁਝ ਸ਼ਬਦ-ਜੋੜ ਲਿਖਣ ਲਈ ਕਿਹਾ। ਗਾਂਧੀ ਜੀ ਨੇ ਪੰਜ ਸ਼ਬਦ-ਜੋੜਾਂ ਵਿੱਚੋਂ ਇੱਕ ਸ਼ਬਦ-ਜੋੜ ਗ਼ਲਤ ਲਿਖਿਆ। ਉਨ੍ਹਾਂ ਨੇ ਅਧਿਆਪਕ ਨੇ ਨਾਲ਼ ਦੇ ਸਹਿਪਾਠੀ ਦੇ ਠੀਕ ਸ਼ਬਦ-ਜੋੜ ਦੀ ਨਕਲ ਕਰਨ ਲਈ ਇਸ਼ਾਰਾ ਕੀਤਾ ਤਾਂ ਜੋ ਉਹ ਆਪਣੀ ਗ਼ਲਤੀ ਠੀਕ ਕਰ ਲੈਣ। ਪਰ ਉਨ੍ਹਾਂ ਨੇ ਅਜਿਹਾ ਨਹੀਂ ਕੀਤਾ। ਗਾਂਧੀ ਜੀ ਨੇ ਬਚਪਨ ਵਿੱਚ ਹੀ ਮਹਿਸੂਸ ਕਰ ਲਿਆ ਸੀ ਕਿ ਨਕਲ ਕਰਨਾ ਠੀਕ ਨਹੀਂ। ਨਕਲ ਕਰਕੇ ਅਸੀਂ ਆਪਣੇ-ਆਪ ਨੂੰ ਹੀ ਧੋਖਾ ਦਿੰਦੇ ਹਾਂ। ਜਦੋਂ ਗਾਂਧੀ ਜੀ ਉੱਚ ਸਿੱਖਿਆ ਲਈ ਇੰਗਲੈਂਡ ਜਾਣ ਲੱਗੇ ਤਾਂ ਉਨ੍ਹਾਂ ਦੀ ਮਾਤਾ ਨੇ ਵਚਨ ਲਿਆ ਕਿ ਉਹ ਕਦੇ ਮਾਸ ਅਤੇ ਸ਼ਰਾਬ ਦਾ ਸੇਵਨ ਨਹੀਂ ਕਰਨਗੇ। ਗਾਂਧੀ ਜੀ ਕਦੇ ਵੀ ਆਪਣੇ ਇਸ ਵਚਨ ਤੋਂ ਥਿੜ੍ਹਕੇ ਨਹੀਂ।ਗਾਂਧੀ ਜੀ ਨੇ ਆਪਣੇ ਕੋਲ਼ ਤਿੰਨ ਬਾਂਦਰਾਂ ਦੀਆਂ ਮੂਰਤੀਆਂ ਰੱਖੀਆਂ ਹੋਈਆਂ ਸਨ। ਇੱਕ ਬਾਂਦਰ ਨੇ ਆਪਣੇ ਮੂੰਹ 'ਤੇ ਹੱਥ ਰੱਖਿਆ ਹੋਇਆ, ਦੂਜੇ ਨੇ ਆਪਣੀਆਂ ਅੱਖਾਂ 'ਤੇ ਹੱਥ ਰੱਖਿਆ ਹੋਇਆ ਅਤੇ ਤੀਜੇ ਬਾਂਦਰ ਨੇ ਆਪਣੇ ਕੰਨਾਂ 'ਤੇ ਹੱਥ ਰੱਖਿਆ ਹੋਇਆ ਸੀ।

**1. ਮਹਾਤਮਾ ਗਾਂਧੀ ਜੀ ਉੱਪਰ ਸਰਵਣ ਭਗਤ ਦੀ ਕਿਸ ਗੱਲ ਦਾ ਬਹੁਤ ਪ੍ਰਭਾਵ ਪਿਆ?**
ੳ. ਵਹਿੰਗੀ ਦਾ
ਅ. ਪਿਤਰੀ-ਭਗਤੀ ਦਾ
ੲ. ਤੀਰਥਾਂ ਦਾ
ਸ. ਬਿਰਧ ਮਾਂ-ਬਾਪ ਦਾ।

**2. ਮਹਾਤਮਾ ਗਾਂਧੀ ਜੀ ਅਨੁਸਾਰ ਪਰਮ-ਧਰਮ ਕੀ ਹੈ?**
ੳ. ਦੇਸ ਦੀ ਸੇਵਾ
ਅ. ਮਾਤਾ-ਪਿਤਾ ਦੀ ਸੇਵਾ
ੲ. ਤੀਰਥ-ਯਾਤਰਾ
ਸ. ਅਹਿੰਸਾ।

**3. ਅਧਿਆਪਕ ਨੇ ਗਾਂਧੀ ਜੀ ਨੂੰ ਕੀ ਕਰਨ ਲਈ ਇਸ਼ਾਰਾ ਕੀਤਾ?**
ੳ. ਤੀਰਥ-ਯਾਤਰਾ
ਅ. ਅਹਿੰਸਾ
ੲ. ਨਕਲ
ਸ. ਵਿਸ਼ਵਾਸ।

**4. ਮਹਾਤਮਾ ਗਾਂਧੀ ਜੀ ਨੇ ਆਪਣੀ ਮਾਤਾ ਨੂੰ ਕਿਹੜਾ ਵਚਨ ਦਿੱਤਾ?**
ੳ. ਅਹਿੰਸਾ ਦਾ
ਅ. ਸ਼ਰਾਬ ਤੇ ਮਾਸ ਦਾ ਸੇਵਨ ਨਾ ਕਰਨ ਦਾ
ੲ. ਨਕਲ ਨਾ ਕਰਨ ਦਾ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

**5. ਮਹਾਤਮਾ ਗਾਂਧੀ ਜੀ ਕੋਲ਼ ਕਿੰਨੀਆਂ ਮੂਰਤੀਆਂ ਸਨ?**
ੳ. ਇੱਕ
ਅ. ਤਿੰਨ
ੲ. ਦੋ
ਸ. ਪੰਜ।

## ਪਾਠ-5 (ਲਿਫ਼ਾਫ਼ੇ)

### ➢ ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :

ਮਾਸਟਰ ਜੀ ਨੇ ਬੱਚਿਆਂ ਨੂੰ ਬੈਠਣ ਦਾ ਇਸ਼ਾਰਾ ਕੀਤਾ ਅਤੇ ਕਹਿਣ ਲੱਗੇ, "ਬਾਬਾ ਜੀ, ਤੁਹਾਨੂੰ ਤਾਂ ਪਤੈ...ਇਹ ਪਲਾਸਟਿਕ ਦੇ ਲਿਫ਼ਾਫ਼ੇ ਸਾਰੇ ਵਾਤਾਵਰਨ ਨੂੰ ਦੂਸ਼ਿਤ ਕਰਦੇ ਹਨ। ਇਹ ਨਾ ਗਲ਼ਦੇ ਹਨ ਅਤੇ ਨਾ ਹੀ ਸੜਦੇ ਹਨ। ਉੱਡ ਕੇ ਇਹ ਨਾਲ਼ੀਆਂ ਵਿੱਚ ਚਲੇ ਜਾਂਦੇ ਹਨ ਅਤੇ ਪਾਣੀ ਦਾ ਰਸਤਾ ਰੋਕ ਦਿੰਦੇ ਹਨ। ਨਾਲ਼ੀਆਂ ਦਾ ਗੰਦਾ ਪਾਣੀ ਗ਼ਲੀਆਂ ਵਿੱਚ ਇਕੱਠਾ ਹੋ ਜਾਂਦਾ ਹੈ ਅਤੇ ਫਿਰ ਸਭ ਪਾਸੇ ਸੜ੍ਹਾਂਦ ਮਾਰਦਾ ਹੈ।" "ਓ-ਹੋ, ਹੁਣ ਸਮਝ ਆਈ ਕਿ ਪਿੰਡ ਦੀਆਂ ਨਾਲ਼ੀਆਂ ਬੰਦ ਕਿਉਂ ਰਹਿੰਦੀਆਂ ਨੇ?" ਬਾਬਾ ਜੀ ਨੇ ਸਿਰ ਹਿਲਾਉਂਦੇ ਹੋਏ ਆਖਿਆ। ਫਿਰ ਮੱਥੇ 'ਤੇ ਹੱਥ ਫੇਰਦੇ ਹੋਏ ਉਹ ਥੋੜ੍ਹੀ ਦੇਰ ਰੁਕ ਕੇ ਬੋਲੇ .... "ਹਾਂ ਚੇਤੇ ਆਈ ਗੱਲ। ਉਸ ਦਿਨ ਮੈਂ ਖੇਤਾਂ ਨੂੰ ਪਾਣੀ ਲਾ ਰਿਹਾ ਸਾਂ ... ਪਾਣੀ ਤਾਂ ਕੀੜੀ ਦੀ ਚਾਲ ਤੁਰਿਆ ਆ ਰਿਹਾ ਸੀ। ਵੇਖਿਆ ਤਾਂ ਖਾਲ਼ ਵਿੱਚ ਮੋਮਜਾਮੇ ਦੇ ਲਿਫ਼ਾਫ਼ੇ ਫਸੇ ਪਏ ਸਨ। ਲਿਫ਼ਾਫ਼ੇ ਬਾਹਰ ਕੱਢੇ ਤਾਂ ਜਾ ਕੇ ਖੇਤਾਂ ਨੂੰ ਪਾਣੀ ਤੁਰਿਆ।" "ਬਾਬਾ ਜੀ, ਇਹ ਲਿਫ਼ਾਫ਼ੇ ਖਾ ਕੇ ਕਈ ਡੰਗਰ ਵੀ ਮਰ ਜਾਂਦੇ ਨੇ", ਗੁਰਦੀਪ ਬੋਲਿਆ। "ਹੈਂ! ਇਹ ਵੀ ਹੋ ਸਕਦੈ?" ਬਾਬਾ ਜੀ ਇਹ ਗੱਲ ਮੰਨਣ ਨੂੰ ਤਿਆਰ ਨਹੀਂ ਸਨ। "ਗੁਰਦੀਪ ਠੀਕ ਕਹਿ ਰਿਹਾ ਏ ਬਾਬਾ ਜੀ! ਲੋਕੀ ਘਰ ਦਾ ਸਾਰਾ ਕੂੜਾ-ਕਰਕਟ, ਕੱਚ, ਬਲੇਡ, ਸੂਈਆਂ, ਪਿੰਨ ਆਦਿ ਲਿਫ਼ਾਫ਼ੇ ਵਿੱਚ ਬੰਦ ਕਰਕੇ ਬਾਹਰ ਸੁੱਟ ਦਿੰਦੇ ਹਨ। ਡੰਗਰ ਭੋਜਨ ਦੀ ਤਲਾਸ਼ ਕਰਦੇ ਇਹ ਲਿਫ਼ਾਫ਼ੇ ਖੋਲ੍ਹ ਲੈਂਦੇ ਹਨ ਅਤੇ ਕੱਚ ਤੇ ਬਲੇਡ ਵਰਗੀਆਂ ਤਿੱਖੀਆਂ ਚੀਜ਼ਾਂ

ਦੁਆਰਾ ਜ਼ਖ਼ਮੀ ਹੋ ਜਾਂਦੇ ਹਨ। ਕਈ ਵਾਰ ਇਹ ਲਿਫ਼ਾਫ਼ੇ ਭੋਜਨ-ਨਲ਼ੀ ਵਿੱਚ ਅਟਕ ਜਾਂਦੇ ਹਨ ਅਤੇ ਡੰਗਰ ਦੀ ਮੌਤ ਹੋ ਜਾਂਦੀ ਹੈ।"

**1. ਪਿੰਡ ਦੀਆਂ ਗਲ਼ੀਆਂ ਕਿਉਂ ਬੰਦ ਹੁੰਦੀਆਂ ਹਨ?**
ੳ. ਵਾਤਾਵਰਨ ਕਰਕੇ　　ਅ. ਪਾਣੀ ਕਰਕੇ
ੲ. ਲਿਫ਼ਾਫ਼ਿਆਂ ਕਰਕੇ　　ਸ. ਮੀਂਹ ਕਰਕੇ।

**2. ਬਾਬੇ ਨੂੰ ਕਿਹੜੀ ਗੱਲ ਚੇਤੇ ਆਈ?**
ੳ. ਖੇਤ ਪਾਣੀ ਲਗਾਉਣ ਵਾਲ਼ੀ　　ਅ. ਲਿਫ਼ਾਫ਼ੇ ਇਕੱਠੇ ਕਰਨ ਵਾਲ਼ੀ
ੲ. ਬੱਚਿਆਂ ਦੀ ਪੜ੍ਹਾਈ ਵਾਲ਼ੀ　　ਸ. ਡੰਗਰਾਂ ਵਾਲ਼ੀ।

**3. ਲਿਫ਼ਾਫ਼ੇ ਖਾਣ ਨਾਲ਼ ਕਿਨ੍ਹਾਂ ਦੀ ਮੌਤ ਹੋ ਜਾਂਦੀ ਹੈ?**
ੳ. ਡੰਗਰਾਂ ਦੀ　　ਅ. ਮਨੁੱਖਾਂ ਦੀ
ੲ. ਬੱਚਿਆਂ ਦੀ　　ਸ. ਪੰਛੀਆਂ ਦੀ।

**4. ਸਾਨੂੰ ਲਿਫ਼ਾਫ਼ਿਆਂ ਵਿੱਚ ਕੀ ਨਹੀਂ ਸੁੱਟਣਾ ਚਾਹੀਦਾ?**
ੳ. ਖਾਣਾ　　ਅ. ਕੱਚ, ਬਲੇਡ ਤੇ ਤਿੱਖੀਆਂ ਚੀਜ਼ਾਂ
ੲ. ਕੂੜਾ-ਕਰਕਟ　　ਸ. ਪਾਣੀ।

**5. ਕਈ ਵਾਰ ਲਿਫ਼ਾਫ਼ੇ ............ ਵਿੱਚ ਅਟਕ ਜਾਂਦੇ ਹਨ?**
ੳ. ਭੋਜਨ-ਨਲ਼ੀ　　ਅ. ਵਾਤਾਵਰਨ 'ਚ
ੲ. ਪਾਣੀ 'ਚ　　ਸ. ਕੂੜਾ-ਕਰਕਟ 'ਚ।

## ਪਾਠ-6 (ਬਾਬਾ ਬੁੱਢਾ ਜੀ)

➢ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਇਹ ਸੁਣ ਕੇ ਬੂੜੇ ਨੇ ਸਾਰੀ ਗੱਲ ਸੁਣਾਈ ਤੇ ਕਹਿਣ ਲੱਗਾ, "ਗੁਰੂ ਜੀ, ਇੱਕ ਦਿਨ ਮੇਰੀ ਮਾਂ ਅੱਗ ਬਾਲ਼ ਰਹੀ ਸੀ। ਪਹਿਲਾਂ ਉਸ ਨੇ ਛੋਟੀਆਂ ਲੱਕੜੀਆਂ ਲਾਈਆਂ ਤੇ ਫੇਰ ਵੱਡੀਆਂ। ਮੈਂ ਧਿਆਨ ਨਾਲ਼ ਵੇਖਦਾ ਰਿਹਾ। ਪਹਿਲਾਂ ਛੋਟੀਆਂ-ਛੋਟੀਆਂ ਲੱਕੜਾਂ ਬਲ਼ੀਆਂ ਤੇ ਫੇਰ ਪਿੱਛੋਂ ਵੱਡੀਆਂ ਨੂੰ ਅੱਗ ਲੱਗੀ। ਮੇਰੇ ਮਨ ਵਿੱਚ ਡਰ ਹੈ ਕਿ ਜਿਵੇਂ ਪਹਿਲਾਂ ਛੋਟੀ ਲੱਕੜ ਨੂੰ ਅੱਗ ਲੱਗ ਗਈ ਹੈ, ਇਸੇ ਤਰ੍ਹਾਂ ਮੈਂ ਵੀ ਛੋਟੀ ਉਮਰੇ ਹੀ ਨਾ ਮਰ ਜਾਵਾਂ। ਇੱਕ ਹੋਰ ਘਟਨਾ ਨੇ ਵੀ ਮੇਰੇ ਮਨ 'ਤੇ ਡੂੰਘਾ ਘਾਅ ਕੀਤਾ। ਕੁਝ ਚਿਰ ਹੋਇਆ ਕਿ ਇੱਕ ਦੁਸ਼ਮਣ ਦਾ ਦਲ ਆਇਆ। ਉਨ੍ਹਾਂ ਨੇ ਆਪਣੀਆਂ ਘੋੜੀਆਂ ਦੇ ਖਾਣ ਲਈ ਖੇਤ ਵਿੱਚੋਂ ਕੱਚੀ-ਪੱਕੀ ਸਾਰੀ ਫ਼ਸਲ ਵੱਢ ਲਈ। ਸਾਰੇ ਵੇਖਦੇ ਹੀ ਰਹਿ ਗਏ। ਡਾਢਿਆਂ ਅੱਗੇ ਕਿਸੇ ਦੀ ਪੇਸ਼ ਨਹੀਂ ਗਈ। ਜੇ ਜਮ ਮੈਨੂੰ ਹੁਣੇ ਲੈਣ ਆ ਜਾਣ ਤਾਂ ਮੈਂ ਕੀ ਕਰ ਸਕਦਾ ਹਾਂ। ਸੋ, ਇਹ ਹੀ ਸੋਚਦਾ ਹਾਂ ਕਿ ਕੋਈ ਐਸਾ ਕੰਮ ਕਰਾਂ ਜਿਸ ਨਾਲ਼ ਮਨ ਸ਼ਾਂਤ ਰਹੇ। ਮੈਨੂੰ ਤੁਸੀਂ ਉੱਚੇ ਦਿਸੇ ਹੋ, ਮੈਨੂੰ ਵੀ ਆਪਣੀ ਸ਼ਰਨ ਵਿੱਚ ਲੈ ਲਵੋ।"

**1. ਅੱਗ ਕੌਣ ਬਾਲ਼ ਰਿਹਾ ਸੀ?**
ੳ. ਗੁਰੂ ਜੀ　　ਅ. ਬੂੜਾ
ੲ. ਮਾਂ　　ਸ. ਦੁਸ਼ਮਣ।

**2. ਖੇਤ ਵਿੱਚੋਂ ਕੱਚੀ-ਪੱਕੀ ਫ਼ਸਲ ਕਿਸ ਦੇ ਖਾਣ ਲਈ ਵੱਡੀ ਗਈ?**
ੳ. ਦੁਸ਼ਮਣਾਂ ਲਈ　　ਅ. ਦਲ ਲਈ
ੲ. ਘੋੜੀਆਂ ਲਈ　　ਸ. ਉਪਰੋਕਤ ਵਿੱਚੋਂ ਕੋਈ ਨਹੀਂ।

**3. ਪਹਿਲਾਂ ਕਿਹੜੀਆਂ ਲੱਕੜਾਂ ਨੂੰ ਅੱਗ ਲੱਗੀ?**
ੳ. ਛੋਟੀਆਂ ਨੂੰ　　ਅ. ਵੱਡੀਆਂ ਨੂੰ
ੲ. ੳ ਅਤੇ ਅ ਦੋਵੇਂ ਸਹੀ　　ਸ. ਉਪਰੋਕਤ ਵਿੱਚੋਂ ਕੋਈ ਨਹੀਂ।

**4. ਬੂੜੇ ਨੂੰ ਕਿਸ ਗੱਲ ਦਾ ਡਰ ਸੀ?**
ੳ. ਦੁਸ਼ਮਣ ਦਾ　　ਅ. ਮਰਨ ਦਾ

ੲ. ਅੱਗ ਦਾ　　　　　　　　　　ਸ. ਡਾਢਿਆਂ ਦਾ।

5. **ਬੂੜੇ ਨੇ ਕਿਸ ਨੂੰ ਕਿਹਾ ਕਿ "ਮੈਨੂੰ ਵੀ ਆਪਣੀ ਸ਼ਰਨ ਵਿੱਚ ਲੈ ਲਵੋ"?**
   ੳ. ਮਾਂ ਨੂੰ　　　　　　　　　　ਅ. ਦੁਸ਼ਮਣਾਂ ਨੂੰ
   ੲ. ਗੁਰੂ ਜੀ ਨੂੰ　　　　　　　　　　ਸ. ਜਮ ਨੂੰ।

## ਪਾਠ-8 (ਸਾਰਾ ਜੱਗ ਨਹੀਂ ਜਿੱਤਿਆ ਜਾਂਦਾ)

### ➢ ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :

ਇੱਕ ਕਿਰਸਾਣ ਕੋਲ਼ ਇੱਕ ਖੋਤਾ ਸੀ। ਕਿਰਸਾਣ ਨੂੰ ਪੈਸੇ ਚਾਹੀਦੇ ਸਨ। ਉਸ ਨੇ ਸੋਚਿਆ ਕਿ ਸ਼ਹਿਰ ਵਿੱਚ ਜਾ ਕੇ ਖੋਤੇ ਨੂੰ ਵੇਚ ਦਿੰਦੇ ਹਾਂ, ਕੁਝ ਪੈਸੇ ਮਿਲ਼ ਜਾਣਗੇ। ਇੱਕ ਦਿਨ ਸਵੇਰੇ-ਸਵੇਰੇ ਆਪਣੇ ਦਸ-ਬਾਰਾਂ ਸਾਲ ਦੇ ਪੁੱਤਰ ਨੂੰ ਨਾਲ਼ ਲੈ ਕੇ ਸ਼ਹਿਰ ਵੱਲ ਨੂੰ ਚੱਲ ਪਿਆ। ਅੱਗੇ-ਅੱਗੇ ਖੋਤਾ ਤੇ ਪਿੱਛੇ-ਪਿੱਛੇ ਪਿਓ-ਪੁੱਤਰ ਤੁਰਦੇ ਜਾ ਰਹੇ ਸਨ। ਅਜੇ ਕੁਝ ਦੂਰ ਹੀ ਗਏ ਸਨ ਕਿ ਉਨ੍ਹਾਂ ਨੂੰ ਕੁਝ ਕੁੜੀਆਂ ਮਿਲ਼ ਗਈਆਂ। ਉਹ ਉਨ੍ਹਾਂ ਨੂੰ ਦੇਖ ਕੇ ਹੱਸ ਪਈਆਂ ਅਤੇ ਇੱਕ-ਦੂਜੀ ਨੂੰ ਕਹਿਣ ਲੱਗੀਆਂ, "ਦੇਖੋ ਭਲਾ, ਇਹਨਾਂ ਮੂਰਖਾਂ ਕੋਲ਼ ਚੰਗਾ-ਭਲਾ ਖੋਤਾ ਹੈ ਸਵਾਰੀ ਕਰਨ ਲਈ, ਇਹ ਪਿਓ-ਪੁੱਤਰ ਨਾਲ਼-ਨਾਲ਼ ਪੈਦਲ ਤੁਰੇ ਜਾਂਦੇ ਨੇ।" ਕਿਰਸਾਣ ਉਨ੍ਹਾਂ ਦੀ ਗੱਲ ਸੁਣ ਕੇ ਕੁਝ ਸ਼ਰਮਿੰਦਾ ਜਿਹਾ ਹੋ ਗਿਆ। ਸੋਚ-ਵਿਚਾਰ ਕੇ ਉਹਨੇ ਆਪਣੇ ਪੁੱਤਰ ਨੂੰ ਖੋਤੇ 'ਤੇ ਬਿਠਾ ਦਿੱਤਾ ਅਤੇ ਆਪ ਪੈਦਲ ਚੱਲਣ ਲੱਗ ਪਿਆ। ਅਜੇ ਉਹ ਥੋੜ੍ਹੀ ਦੂਰ ਹੀ ਗਏ ਸਨ ਕਿ ਉਨ੍ਹਾਂ ਨੂੰ ਦੋ ਆਦਮੀ ਮਿਲ਼ ਪਏ। ਉਹ ਉਨ੍ਹਾਂ ਨੂੰ ਜਾਂਦਿਆਂ ਦੇਖ ਕੇ ਕਹਿਣ ਲੱਗੇ, "ਦੇਖੋ, ਇਸ ਮੁੰਡੇ ਨੂੰ ਹੱਟਾ-ਕੱਟਾ। ਆਪ ਖੋਤੇ 'ਤੇ ਚੜ੍ਹਿਆ ਬੈਠਾ ਹੈ ਤੇ ਬੁੱਢਾ ਪਿਓ ਲੱਤਾਂ ਘਸੀਟਦਾ ਜਾਂਦਾ ਹੈ। ਅੱਜ ਦੇ ਮੁੰਡਿਆਂ ਨੂੰ ਮਾਂ-ਪਿਓ ਦਾ ਰਤਾ ਧਿਆਨ ਨਹੀਂ।" ਉਨ੍ਹਾਂ ਦੀ ਗੱਲ ਸੁਣ ਕੇ ਕਿਰਸਾਣ ਮੁੜ ਪਰੇਸ਼ਾਨ ਹੋ ਗਿਆ। ਉਹਨੇ ਮੁੰਡੇ ਨੂੰ ਖੋਤੇ ਤੋਂ ਉਤਾਰ ਦਿੱਤਾ ਅਤੇ ਉਸ ਦੀ ਥਾਂ 'ਤੇ ਆਪ ਬੈਠ ਗਿਆ। ਹੁਣ ਮੁੰਡਾ ਭੱਜ-ਭੱਜ ਕੇ ਖੋਤੇ ਨਾਲ਼ ਆਪਣੀ ਚਾਲ ਮਿਲ਼ਾ ਰਿਹਾ ਸੀ, ਨਾਲ਼ੇ ਸਾਹੋ-ਸਾਹ ਹੋ ਰਿਹਾ ਸੀ।

1. **ਕਿਰਸਾਣ ਕੋਲ਼ ਕੀ ਸੀ?**
   ੳ. ਪੈਸੇ　　　　　　　　　　ਅ. ਖੋਤਾ
   ੲ. ਮਾਂ　　　　　　　　　　ਸ. ਪਿਓ।
2. **ਕਿਰਸਾਣ ਸਵੇਰੇ-ਸਵੇਰੇ ਸ਼ਹਿਰ ਨੂੰ ਚੱਲ ਪਿਆ:**
   ੳ. ਪੁੱਤਰ ਨੂੰ ਨਾਲ਼ ਲੈ ਕੇ　　　　　　　　　　ਅ. ਖੋਤੇ ਨੂੰ ਘਰ ਛੱਡ ਕੇ
   ੲ. ਕੁੜੀਆਂ ਨੂੰ ਨਾਲ਼ ਲੈ ਕੇ　　　　　　　　　　ਸ. ਆਦਮੀਆਂ ਨੂੰ ਨਾਲ਼ ਲੈ ਕੇ।
3. **ਕਿਰਸਾਣ ਕਿਸ ਦੀ ਗੱਲ ਸੁਣ ਕੇ ਸ਼ਰਮਿੰਦਾ ਹੋਇਆ?**
   ੳ. ਪੁੱਤਰ ਦੀ　　　　　　　　　　ਅ. ਮੁੰਡਿਆਂ ਦੀ
   ੲ. ਆਦਮੀਆਂ ਦੀ　　　　　　　　　　ਸ. ਮਾਂ ਦੀ।
4. **……………… ਸਾਹੋ-ਸਾਹ ਹੋ ਰਿਹਾ ਸੀ। ਖ਼ਾਲੀ ਥਾਂ ਭਰੋ:**
   ੳ. ਖੋਤਾ　　　　　　　　　　ਅ. ਪੁੱਤਰ
   ੲ. ਪਿਤਾ　　　　　　　　　　ਸ. ਆਦਮੀ।
5. **ਕਿਰਸਾਣ ਨੇ ਕਿਸ ਦੀ ਗੱਲ ਸੁਣ ਕੇ ਪੁੱਤਰ ਨੂੰ ਖੋਤੇ ਤੋਂ ਉਤਾਰ ਦਿੱਤਾ?**
   ੳ. ਆਦਮੀਆਂ ਦੀ　　　　　　　　　　ਅ. ਕੁੜੀਆਂ ਦੀ
   ੲ. ੳ ਅਤੇ ਅ ਦੋਵੇਂ　　　　　　　　　　ਸ. ਉਪਰੋਕਤ ਵਿੱਚੋਂ ਕੋਈ ਨਹੀਂ।

## ਪਾਠ-9 (ਥਾਲ਼)

➢ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਥਾਲ਼ ਪੰਜਾਬੀ ਕੁੜੀਆਂ ਦੀ ਹਰਮਨ-ਪਿਆਰੀ ਲੋਕ-ਖੇਡ ਹੈ। ਆਮ ਤੌਰ 'ਤੇ ਬਚਪਨ ਨੂੰ ਟੱਪ ਕੇ ਜਵਾਨੀ ਦੀਆਂ ਬਰੂਹਾਂ 'ਤੇ ਖੜ੍ਹੀਆਂ ਮੁਟਿਆਰਾਂ ਇਸ ਖੇਡ ਨੂੰ ਬੜੇ ਚਾਅ ਨਾਲ਼ ਖੇਡਦੀਆਂ ਹਨ। ਉਂਞ ਨਵ-ਵਿਆਹੀਆਂ ਵਹੁਟੀਆਂ ਵੀ ਆਪਣੀਆਂ ਨਣਾਨਾਂ ਅਤੇ ਭੈਣਾਂ ਨਾਲ਼ ਰਲ਼ ਕੇ ਥਾਲ਼ ਪਾਉਂਦੀਆਂ ਹਨ। ਇਹ ਖੇਡ ਆਮ ਕਰਕੇ ਦੁਪਹਿਰ ਸਮੇਂ ਖੇਡੀ ਜਾਂਦੀ ਹੈ। ਬਾਲੜੀਆਂ ਕੁੜੀਆਂ ਵੀ ਆਪਣੇ ਨਿੱਕੇ ਵੀਰਾਂ-ਭੈਣਾਂ ਨੂੰ ਖਿਡਾਉਂਦੀਆਂ ਹੋਈਆਂ ਗੀਟਿਆਂ ਦੀ ਖੇਡ ਦੇ ਨਾਲ਼ ਹੀ ਇਹ ਖੇਡ ਖੇਡਣ ਲੱਗ ਪੈਂਦੀਆਂ ਹਨ। ਇਹ ਖੇਡ ਘਰਾਂ ਦੇ ਦਲਾਨਾਂ ਵਿੱਚ ਖੇਡੀ ਜਾਂਦੀ ਹੈ। ਥਾਲ਼ ਸੱਤਾਂ ਤਹਿਆਂ (ਪੜਦਿਆਂ) ਵਾਲ਼ੀ ਲੀਰਾਂ ਦੀ, ਧਾਗਿਆਂ ਨਾਲ਼ ਗੁੰਦੀ ਹੋਈ, ਗੇਂਦ ਨਾਲ਼ ਖੇਡੇ ਜਾਂਦੇ ਹਨ। ਇਸ ਗੇਂਦ ਨੂੰ ਖਿੱਦੋ ਜਾਂ ਖੇਹਨੂੰ ਵੀ ਕਿਹਾ ਜਾਂਦਾ ਹੈ। ਇਹਦੇ ਖੇਡਣ ਦਾ ਤਰੀਕਾ ਬਹੁਤ ਹੀ ਸੌਖਾ ਤੇ ਸਰਲ ਹੈ। ਇਹ ਖੇਡ ਕਈ ਕੁੜੀਆਂ ਰਲ਼ ਕੇ ਖੇਡਦੀਆਂ ਹਨ- ਉਂਞ ਗਿਣਤੀ 'ਤੇ ਕੋਈ ਪਾਬੰਦੀ ਨਹੀਂ। ਆਮ ਤੌਰ 'ਤੇ ਇੱਕ ਤੋਂ ਵੱਧ ਕੁੜੀਆਂ ਇਹ ਖੇਡ ਖੇਡਦੀਆਂ ਹਨ। ਇਹ ਖੇਡ ਬਹੁਤ ਦਿਲਚਸਪ ਹੈ। ਇੱਕ ਕੁੜੀ ਇੱਕ ਹੱਥ ਨਾਲ਼ ਖਿੱਦੋ ਨੂੰ ਹਵਾ ਵਿੱਚ ਉਛਾਲ਼ਦੀ ਹੈ। ਫੇਰ ਉਹ ਸੱਜੇ ਹੱਥ ਦੀ ਤਲ਼ੀ 'ਤੇ ਬੋਚ ਕੇ ਉਸ ਨੂੰ ਇਕਹਿਰੇ ਤਾਲ ਨਾਲ਼ ਆਪਣੀ ਤਲ਼ੀ ਨਾਲ਼ ਵਾਰ-ਵਾਰ ਬੁੜ੍ਹਕਾਉਂਦੀ ਹੋਈ ਨਾਲ਼ੋ-ਨਾਲ਼ ਇਸੇ ਤਾਲ ਨਾਲ਼ ਥਾਲ਼ ਦੇ ਬੋਲ ਬੋਲਦੀ ਹੈ। ਦੂਜੀਆਂ ਕੁੜੀਆਂ ਉਸ ਵੱਲ ਉਤਸੁਕਤਾ ਨਾਲ਼ ਵੇਖਦੀਆਂ ਹਨ। ਉਨ੍ਹਾਂ ਦੀ ਨਿਗ੍ਹਾ ਬੁੜ੍ਹਕਦੀ ਹੋਈ ਖਿੱਦੋ 'ਤੇ ਟਿਕੀ ਹੁੰਦੀ ਹੈ। ਖਿੱਦੋ ਬੁੜ੍ਹਕਣ ਤੋਂ ਭਾਵ ਖਿੱਦੋ ਦੇ ਟੱਪੇ ਮਰਵਾਉਣਾ ਹੈ।

1. **ਥਾਲ਼ ਪੰਜਾਬੀ ਕੁੜੀਆਂ ਦੀ ..................ਲੋਕ-ਖੇਡ ਹੈ?**
   ੳ. ਦਿਲਚਸਪ — ਅ. ਗੇਂਦ ਵਾਲ਼ੀ
   ੲ. ਹਰਮਨ-ਪਿਆਰੀ — ਸ. ਉਤਸੁਕਤਾ ਵਾਲ਼ੀ।
2. **ਨਵ-ਵਿਆਹੀਆਂ ਵਹੁਟੀਆਂ ਕਿਸ ਨਾਲ਼ ਰਲ਼ ਕੇ ਥਾਲ਼ ਪਾਉਂਦੀਆਂ ਹਨ?**
   ੳ. ਨਣਾਨਾਂ ਨਾਲ਼ — ਅ. ਭੈਣਾਂ ਨਾਲ਼
   ੲ. ੳ ਅਤੇ ਅ ਦੋਵੇਂ ਸਹੀ — ਸ. ਨਿੱਕੇ ਵੀਰਾਂ ਨਾਲ਼।
3. **ਥਾਲ਼ ਪਾਉਂਦੇ ਸਮੇਂ ਕੁੜੀਆਂ ਦੀ ਨਿਗ੍ਹਾ ਕਿੱਥੇ ਟਿਕੀ ਹੁੰਦੀ ਹੈ?**
   ੳ. ਗੇਂਦ 'ਤੇ — ਅ. ਖਿੱਦੋ 'ਤੇ
   ੲ. ਖੇਹਨੂੰ 'ਤੇ — ਸ. ਉਪਰੋਕਤ ਸਾਰੇ।
4. **ਬਾਲੜੀਆਂ ਕੁੜੀਆਂ ਕਿਹੜੀ ਖੇਡ ਖੇਡਦੀਆਂ ਹਨ?**
   ੳ. ਥਾਲ਼ — ਅ. ਗੀਟੇ
   ੲ. ੳ ਤੇ ਅ ਦੋਵੇਂ — ਸ. ਉਪਰੋਕਤ ਵਿੱਚੋਂ ਕੋਈ ਨਹੀਂ।
5. **ਥਾਲ਼ ਦੇ ਬੋਲ ਕਦੋਂ ਸੁਣਾਈ ਦਿੰਦੇ ਹਨ?**
   ੳ. ਤਾਲ ਨਾਲ਼ — ਅ. ਤਲ਼ੀ ਨਾਲ਼
   ੲ. ਹੱਥ ਨਾਲ਼ — ਸ. ਥਾਲ਼ ਨਾਲ਼।

## ਪਾਠ-11 (ਦਾਤੇ)

➢ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਇੱਕ ਦਿਨ ਚੂੜੀਆਂ ਵੇਚਣ ਵਾਲ਼ਾ ਆਇਆ। ਗੀਤਾ ਦੀਆਂ ਤਿੰਨੇ ਧੀਆਂ ਗੀਤਾਂ ਨੂੰ ਨਾਲ਼ ਲੈ ਕੇ ਉਸ ਦੇ ਕੋਲ਼ ਬੈਠ ਗਈਆਂ। ਕਈ ਨਮੂਨੇ ਪਸੰਦ ਹੋਏ ਤੇ ਫਿਰ ਕਈ ਉਨ੍ਹਾਂ ਤੋਂ ਵੀ ਵੱਧ ਪਸੰਦ। ਵੇਚਣ ਵਾਲ਼ੇ ਨੇ ਇੱਕ ਨਮੂਨਾ ਗੀਤਾ ਨੂੰ ਵੀ ਪਸੰਦ ਕਰਵਾ ਲਿਆ ਪਰ ਜਦੋਂ ਉਸ ਨੇ ਹਿਸਾਬ ਕੀਤਾ ਤਾਂ ਤਿੰਨੋਂ ਕੁੜੀਆਂ ਦੀਆਂ ਚੂੜੀਆਂ ਦੇ ਹੀ ਇੱਕ ਰੁਪਈਆ ਪੈਂਹਠ ਪੈਸੇ ਬਣ ਗਏ। ਗੀਤਾ ਨੂੰ ਆਪ ਚੂੜੀਆਂ ਚੜ੍ਹਾਉਣ ਦਾ ਹੌਸਲਾ ਨਾ ਪਿਆ। ਬਹੁਤੇ ਬੱਚੇ ਹੋਣ ਕਰਕੇ ਉਨ੍ਹਾਂ ਦੀ ਹਾਲਤ ਮੰਦੀ ਹੋ ਰਹੀ ਸੀ ਪਰ ਉਨ੍ਹਾਂ ਪੰਜਾਂ ਬੱਚਿਆਂ ਉੱਤੇ ਇਸ ਮਾੜੇ ਹਾਲ ਦਾ ਅਸਲੋਂ ਹੀ ਕੋਈ ਅਸਰ ਨਹੀਂ ਸੀ। ਇਸ ਗ਼ਰੀਬ ਘਰ ਵਿੱਚ ਉਨ੍ਹਾਂ ਦੀ ਆਪਣੀ ਵੱਖਰੀ ਹੀ ਦੁਨੀਆ ਸੀ। ਕਦੇ-ਕਦੇ ਬੈਠੇ-ਬੈਠੇ ਉਹ ਨਾਟਕ ਕਰਨ ਲੱਗ ਜਾਂਦੇ। ਕੋਈ

ਡਾਕਟਰ ਬਣਦਾ, ਕੋਈ ਨਰਸ ਤੇ ਕੋਈ ਬਿਮਾਰ। ਕਦੇ ਕੁੜੀਆਂ ਇੱਕ-ਦੂਜੇ ਦੀਆਂ ਗੁਆਂਢਣਾਂ ਬਣ ਜਾਂਦੀਆਂ ਤੇ ਫਿਰ ਬੱਚਿਆਂ ਦੀਆਂ ਤੇ ਉਨ੍ਹਾਂ ਦੀਆਂ ਮਾਂਵਾਂ ਦੀਆਂ ਬਹੁਤ ਸਾਰੀਆਂ ਗੱਲਾਂ ਕਰਦੀਆਂ। ਉਹ ਹਰ ਰੋਜ਼ ਸਕੂਲੋਂ ਜਾਂ ਆਂਢ-ਗੁਆਂਢ ਤੋਂ ਨਵੀਂ ਖੇਡ ਸਿੱਖ-ਸਿੱਖ ਕੇ ਆਉਂਦੇ ਤੇ ਗੀਤਾ ਨੂੰ ਸਮਝ ਵੀ ਨਾ ਆਉਂਦੀ ਕਿ ਉਹ ਕੀ ਖੇਡ ਰਹੇ ਹਨ। ਸਭ ਤੋਂ ਛੋਟਾ ਮੁੰਡਾ ਟੱਬਰ ਦੇ ਹਰ ਜੀਅ ਨੂੰ ਬਾਹਰੋਂ ਆਉਂਦੇ ਵੇਖ ਕੇ ਕਿਲਕਾਰੀਆਂ ਮਾਰਦਾ। ਉਹ ਹਰ ਨਵੀਂ ਚੀਜ਼ ਨੂੰ ਵੇਖ ਕੇ ਹੱਸਦਾ ਭਾਵੇਂ ਉਹ ਉਸ ਦੀ ਭੈਣ ਦੀਆਂ ਪੁਰਾਣੀਆਂ ਰੰਗਦਾਰ ਚੱਪਲਾਂ ਹੀ ਕਿਉਂ ਨਾ ਹੋਣ। ਇੱਕ ਦਿਨ ਗੀਤਾ ਬਜ਼ਾਰ ਗਈ ਸੀ। ਬੱਚੇ ਘਰ ਵਿੱਚ ਖੇਡ ਰਹੇ ਸਨ। ਘਰ ਵਿੱਚੋਂ ਉੱਠ ਰਹੇ ਹਾਸੇ ਤੇ ਕੂਕਾਂ ਇਸ ਗੱਲ ਦੀ ਗਵਾਹੀ ਸਨ। ਵੱਡੀ ਕੁੜੀ ਮਾਂ ਬਣੀ ਹੋਈ ਸੀ। ਬਾਕੀ ਸਾਰੇ ਹੱਸ ਰਹੇ ਸਨ "ਤੂੰ ਮੰਮੀ ਦੀ ਕਮੀਜ਼ ਪਾ ਲੈ", ਕਿਸੇ ਨੇ ਸਲਾਹ ਦਿੱਤੀ। "ਹਾਂ, ਹਾਂ", ਸਾਰਿਆਂ ਇੱਕੋ ਵਾਰ ਕਿਹਾ।

**1. ਗੀਤਾਂ ਦੇ ਪੰਜ ਬੱਚਿਆਂ ਵਿੱਚੋਂ ਕੁੜੀਆਂ ਕਿੰਨੀਆਂ ਸਨ?**

ੳ. ਪੰਜ
ਅ. ਦੋ
ੲ. ਬਹੁਤ
ਸ. ਤਿੰਨ।

**2. ਗੀਤਾ ਨੇ ਚੂੜੀਆਂ ਨਹੀਂ ਚੜ੍ਹਾਈਆਂ ਕਿਉਂਕਿ?**

ੳ. ਨਮੂਨਾ ਪਸੰਦ ਨਹੀਂ ਸੀ
ਅ. ਪੈਸਿਆਂ ਦੀ ਘਾਟ ਸੀ
ੲ. ਬੱਚੇ ਬਹੁਤੇ ਸਨ
ਸ. ਚੂੜੀਆਂ ਛੋਟੀਆਂ ਸਨ।

**3. ਬੱਚੇ ਨਵੀਂਆਂ ਖੇਡਾਂ ਕਿੱਥੋਂ ਸਿੱਖਦੇ ਸਨ?**

ੳ. ਨਾਟਕ ਤੋਂ
ਅ. ਸਕੂਲ ਤੋਂ
ੲ. ਸੂਰਜ ਤੋਂ
ਸ. ਉਪਰੋਕਤ ਸਾਰੇ।

**4. ਗੀਤਾਂ ਦਾ ਛੋਟਾ ਮੁੰਡਾ ਕਦੋਂ ਖ਼ੁਸ਼ ਹੁੰਦਾ ਸੀ?**

ੳ. ਡਾਕਟਰ ਬਣ ਕੇ
ਅ. ਹਰ ਨਵੀਂ ਚੀਜ਼ ਵੇਖ ਕੇ
ੲ. ਨਰਸ ਬਣ ਕੇ
ਸ. ਚੱਪਲਾਂ ਵੇਖ ਕੇ।

**5. ਵੱਡੀ ਕੁੜੀ ਖੇਡ ਵਿੱਚ ਕੀ ਬਣੀ ਹੋਈ ਸੀ?**

ੳ. ਡਾਕਟਰ
ਅ. ਬਿਮਾਰ
ੲ. ਗੀਤਾ
ਸ. ਮਾਂ।

## ਪਾਠ-13 (ਭਗਤ ਕਬੀਰ ਜੀ)

➢ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਕਬੀਰ ਜੀ ਦਾ ਜਨਮ ਪੰਦ੍ਹਰਵੀਂ ਸਦੀ ਵਿੱਚ ਹੋਇਆ। ਆਪ ਦੇ ਮਾਤਾ-ਪਿਤਾ ਕੱਪੜਾ ਬੁਣਨ ਦਾ ਕੰਮ ਕਰਦੇ ਸਨ। ਇਹ ਉਹ ਸਮਾਂ ਸੀ ਜਦੋਂ ਜਾਤ-ਪਾਤ ਵਿੱਚ ਵਿਸ਼ਵਾਸ ਕੀਤਾ ਜਾਂਦਾ ਸੀ। ਨੀਵੀਂਆਂ ਜਾਤਾਂ ਦੇ ਲੋਕਾਂ ਨੂੰ ਬੜੀ ਨਮੋਸ਼ੀ ਵਾਲ਼ਾ ਜੀਵਨ ਬਤੀਤ ਕਰਨਾ ਪੈਂਦਾ ਸੀ। ਇਹਨਾਂ ਨੂੰ ਪੜ੍ਹਾਈ-ਲਿਖਾਈ ਨਹੀਂ ਸੀ ਕਰਨ ਦਿੱਤੀ ਜਾਂਦੀ। ਨਾ ਹੀ ਕੋਈ ਇਹਨਾਂ ਨੂੰ ਸਿੱਖਿਆ ਦੇਣ ਲਈ ਤਿਆਰ ਸੀ। ਕਬੀਰ ਜੀ ਜਦੋਂ ਵੱਡੇ ਹੋਏ ਤਾਂ ਉਨ੍ਹਾਂ ਦੇ ਮਨ ਵਿੱਚ ਗਿਆਨ ਪ੍ਰਾਪਤ ਕਰਨ ਦੀ ਲਾਲਸਾ ਜਾਗੀ ਪਰ ਕੋਈ ਵਿਦਵਾਨ ਉਨ੍ਹਾਂ ਦਾ ਗੁਰੂ ਬਣਨ ਲਈ ਤਿਆਰ ਨਹੀਂ ਸੀ ਕਿਉਂਕਿ ਕਬੀਰ ਜੀ ਦੀ ਜਾਤ ਨੀਵੀਂ ਸਮਝੀ ਜਾਂਦੀ ਸੀ। ਉਨ੍ਹਾਂ ਦਿਨਾਂ ਵਿੱਚ ਕਾਸ਼ੀ ਵਿੱਚ ਪੰਡਿਤ ਰਾਮਾਨੰਦ ਜੀ ਬੜੇ ਵੱਡੇ ਵਿਦਵਾਨ ਸਨ। ਉਹ ਜਾਤ-ਪਾਤ ਨੂੰ ਖ਼ਤਮ ਕਰਨ ਦਾ ਪ੍ਰਚਾਰ ਵੀ ਕਰਦੇ ਸਨ। ਜਦੋਂ ਕਬੀਰ ਜੀ ਨੇ ਉਨ੍ਹਾਂ ਕੋਲ਼ੋਂ ਸਿੱਖਿਆ ਲੈਣੀ ਚਾਹੀ ਤਾਂ ਉਹ ਵੀ ਕਬੀਰ ਜੀ ਨੂੰ ਸਿੱਖਿਆ ਦੇਣ ਤੋਂ ਇਨਕਾਰ ਕਰ ਗਏ। ਅਖੀਰ ਕਬੀਰ ਜੀ ਨੇ ਸਿੱਖਿਆ ਪ੍ਰਾਪਤ ਕਰਨ ਦਾ ਹੋਰ ਅਨੋਖਾ ਰਾਹ ਲੱਭਿਆ। ਕਬੀਰ ਜੀ ਨੂੰ ਪਤਾ ਸੀ ਕਿ ਰਾਮਾਨੰਦ ਜੀ ਰੋਜ਼ ਸਵੇਰੇ ਗੰਗਾ ਵਿੱਚ ਇਸ਼ਨਾਨ ਕਰਨ ਆਉਂਦੇ ਹਨ। ਇੱਕ ਦਿਨ ਉਹ ਸਵੇਰੇ ਮੂੰਹ-ਹਨੇਰੇ ਹੀ ਰਾਮਾਨੰਦ ਜੀ ਦੇ ਰਾਹ ਵਿੱਚ ਆ ਕੇ ਲੇਟ ਗਏ। ਰਾਮਾਨੰਦ ਜੀ ਜਦੋਂ ਉਸ ਥਾਂ ਪੁੱਜੇ ਤਾਂ ਉਨ੍ਹਾਂ ਨੇ ਕਬੀਰ ਜੀ ਨੂੰ ਬਿਨਾਂ ਪਛਾਣੇ ਹੀ ਕਿਹਾ, "ਉੱਠ ਭਾਈ! ਰਾਮ ਆਖਹੁ।" ਰਾਮਾਨੰਦ ਜੀ ਇਹ ਕਹਿ ਕੇ ਗੰਗਾ ਵੱਲ ਚਲੇ ਗਏ ਤੇ ਕਬੀਰ ਜੀ ਘਰ ਨੂੰ ਆ ਗਏ।

**1. ਕਬੀਰ ਜੀ ਦੇ ਜਨਮ ਸਮੇਂ ਕਿਹੜੀ ਚੀਜ਼ ਵਿੱਚ ਵਿਸ਼ਵਾਸ ਕੀਤਾ ਜਾਂਦਾ ਸੀ?**

ੳ. ਕੱਪੜਾ ਬੁਣਨ ਵਿੱਚ
ਅ. ਪੜ੍ਹਾਈ-ਲਿਖਾਈ ਵਿੱਚ
ੲ. ਜਾਤ-ਪਾਤ ਵਿੱਚ
ਸ. ਗਿਆਨ ਪ੍ਰਾਪਤੀ ਵਿੱਚ।

**2. ਕਬੀਰ ਜੀ ਦੇ ਪਿਤਾ ਜੀ ਕੀ ਕੰਮ ਕਰਦੇ ਸਨ?**

ੳ. ਸਿੱਖਿਆ ਦਿੰਦੇ ਸਨ
ਅ. ਪੜ੍ਹਾਈ ਕਰਦੇ ਸਨ
ੲ. ਕੱਪੜਾ ਬੁਣਦੇ ਸਨ
ਸ. ਲਿਖਾਈ ਕਰਦੇ ਸਨ।

**3. ਗੰਗਾ 'ਤੇ ਇਸ਼ਨਾਨ ਕਰਨ ਕੌਣ ਆਉਂਦਾ ਸੀ?**

ੳ. ਰਾਮਾਨੰਦ ਜੀ
ਅ. ਕਬੀਰ ਜੀ
ੲ. ਮਾਤਾ ਜੀ
ਸ. ਪਿਤਾ ਜੀ।

**4. ਰਾਮਾਨੰਦ ਜੀ ਨੇ ਕਾਹਦਾ ਪ੍ਰਚਾਰ ਕੀਤਾ?**

ੳ. ਸਿੱਖਿਆ ਪ੍ਰਾਪਤੀ ਦਾ
ਅ. ਗਿਆਨ ਪ੍ਰਾਪਤੀ ਦਾ
ੲ. ਜਾਤ-ਪਾਤ ਖ਼ਾਤਮੇ ਦਾ
ਸ. ਇਸ਼ਨਾਨ ਕਰਨ ਦਾ।

**5. ਰਾਮਾਨੰਦ ਜੀ ਨੇ ਕਬੀਰ ਜੀ ਨੂੰ ਕਿਸ ਗੱਲ ਤੋਂ ਨਾਂਹ ਕੀਤੀ?**

ੳ. ਰਾਮ ਕਹਿਣ ਤੋਂ
ਅ. ਗੰਗਾ ਜਾਣ ਤੋਂ
ੲ. ਸਿੱਖਿਆ ਦੇਣ ਤੋਂ
ਸ. ਰਸਤੇ ਵਿੱਚ ਲੇਟਣ ਤੋਂ।

## ਪਾਠ-14 (ਆਲੋਕ ਸੁਖੀ, ਗੁਆਂਢੀ ਦੁਖੀ! ਨਾ ਬਈ ਨਾ!)

- **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਇੱਕ ਦਿਨ ਆਲੋਕ ਨੂੰ ਹਲਕਾ ਜਿਹਾ ਬੁਖ਼ਾਰ ਚੜ੍ਹ ਗਿਆ। ਉਹਨੇ ਸਕੂਲੋਂ ਛੁੱਟੀ ਲੈ ਲਈ। ਉਹ ਜਿਸ ਦਿਨ ਵੀ ਛੁੱਟੀ ਲੈਂਦਾ, ਸ਼ਾਮ ਨੂੰ ਇਕਬਾਲ ਕੋਲ਼ੋਂ ਜਾਂ ਅਗਲੇ ਦਿਨ ਕਿਸੇ ਜਮਾਤੀ ਕੋਲ਼ੋਂ ਸਕੂਲੋਂ ਮਿਲ਼ਿਆ ਕੰਮ ਪੁੱਛ ਲੈਂਦਾ। ਉਹ ਸਕੂਲੋਂ ਮਿਲ਼ਨ ਵਾਲ਼ਾ ਹਰੇਕ ਕੰਮ ਪੂਰਾ ਕਰਦਾ ਸੀ। ਤਾਂ ਜੋ ਪੜ੍ਹਾਈ ਵਿੱਚ ਬਾਕੀ ਜਮਾਤ ਤੋਂ ਪਿੱਛੇ ਨਾ ਰਹਿ ਜਾਵੇ। ਉਸ ਦਿਨ ਸ਼ਾਮ ਤੱਕ ਉਸ ਦਾ ਬੁਖ਼ਾਰ ਉੱਤਰ ਗਿਆ। ਉਹ ਸਕੂਲ ਦਾ ਕੰਮ ਪੁੱਛਣ ਵਾਸਤੇ ਇਕਬਾਲ ਦੇ ਘਰ ਵੱਲ ਤੁਰ ਪਿਆ। ਇਕਬਾਲ ਦਾ ਘਰ ਆਲੋਕ ਦੇ ਘਰ ਦੇ ਸਾਹਮਣੇ ਹੀ ਸੀ। ਕਾਹਲ਼ੀ ਵਿੱਚ ਆਲੋਕ ਆਪਣੇ ਕਮਰੇ ਦੀ ਬੱਤੀ ਬੁਝਾਉਣੀ ਭੁੱਲ ਗਿਆ। ਰਾਤ ਦੇ ਅੱਠ ਵੱਜੇ ਸਨ। ਇਕਬਾਲ ਆਪਣੇ ਵਿਹੜੇ ਵਿੱਚ ਸੌਣ ਦੀ ਤਿਆਰੀ ਕਰ ਰਿਹਾ ਸੀ। ਦੋਵੇਂ ਜਣੇ ਮੰਜੇ ਉੱਤੇ ਬੈਠ ਕੇ ਸਕੂਲ ਦੀਆਂ ਗੱਲਾਂ ਕਰਨ ਲੱਗ ਪਏ। "ਆਪਣੇ ਗੱਲਾਂ ਕਰਨ ਨਾਲ਼ ਦਾਦੀ ਜੀ ਦੀ ਨੀਂਦ ਖ਼ਰਾਬ ਤਾਂ ਨਹੀਂ ਹੁੰਦੀ?" ਆਲੋਕ ਨੇ ਕੋਲ਼ ਹੀ ਮੰਜੇ ਉੱਤੇ ਲੇਟੇ ਹੋਏ ਇਕਬਾਲ ਦੇ ਦਾਦੀ ਜੀ ਵੱਲ ਇਸ਼ਾਰਾ ਕਰਦਿਆਂ ਇਕਬਾਲ ਨੂੰ ਪੁੱਛਿਆ। "ਨਹੀਂ ਪੁੱਤਰ! ਤੁਸੀਂ ਕਰੋ ਗੱਲਾਂ-ਬਾਤਾਂ। ਮੈਨੂੰ ਤਾਂ ਅੱਧੀ ਰਾਤ ਤੱਕ ਉਂਞ ਹੀ ਨੀਂਦ ਨਹੀਂ ਆਉਂਦੀ।" ਇਕਬਾਲ ਦੇ ਦਾਦੀ ਜੀ ਨੇ ਪਾਸਾ ਪਰਤਦਿਆਂ ਕਿਹਾ। ਉਹ ਫੇਰ ਗੱਲੀਂ ਲੱਗ ਗਏ। ਗੱਲਾਂ ਕਰਦਿਆਂ ਅਚਾਨਕ ਆਲੋਕ ਦੀ ਨਜ਼ਰ ਆਪਣੇ ਕਮਰੇ ਵੱਲ ਚਲੀ ਗਈ। ਆਲੋਕ ਦਾ ਕਮਰਾ ਘਰ ਦੀ ਦੂਜੀ ਮੰਜ਼ਲ ਉੱਤੇ ਸੀ ਅਤੇ ਇਕਬਾਲ ਦੇ ਵਿਹੜੇ ਵਿੱਚੋਂ ਚੰਗੀ ਤਰ੍ਹਾਂ ਨਜ਼ਰ ਆਉਂਦਾ ਸੀ। "ਓ-ਹੋ ! ਮੈਂ ਤਾਂ ਆਪਣੇ ਕਮਰੇ ਦੀ ਬੱਤੀ ਜਗਦੀ ਛੱਡ ਆਇਆ।" ਆਲੋਕ ਨੇ ਚਿੰਤਾ ਜਿਹੀ ਵਿੱਚ ਕਿਹਾ ਅਤੇ ਵਾਪਸ ਜਾਣ ਲਈ ਕਾਹਲ਼ਾ ਪੈ ਗਿਆ।

**1. ਆਲੋਕ ਨੇ ਸਕੂਲ ਤੋਂ ਛੁੱਟੀ ਕਿਉਂ ਲਈ ਸੀ?**

ੳ. ਸਕੂਲ ਦੇ ਕੰਮ ਕਰਕੇ
ਅ. ਬੁਖ਼ਾਰ ਹੋਣ ਕਰਕੇ
ੲ. ਕੰਮ ਪੁੱਛਣ ਲਈ
ਸ. ਬੱਤੀ ਬੁਝਾਉਣ ਲਈ।

**2. ਆਲੋਕ ਸਕੂਲ ਦਾ ਹਰ ਕੰਮ ਪੂਰਾ ਕਿਉਂ ਕਰਦਾ ਸੀ?**

ੳ. ਘਰੇ ਰਹਿਣ ਲਈ
ਅ. ਤਾਂ ਕਿ ਬਾਕੀਆਂ ਨਾਲ਼ੋਂ ਪਿੱਛੇ ਨਾ ਰਹਿ ਜਾਵੇ
ੲ. ਜਲਦੀ ਬੱਤੀ ਬੁਝਾਉਣ ਲਈ
ਸ. ਇਕਬਾਲ ਕੋਲ਼ ਜਾਣ ਲਈ।

**3. ਇਕਬਾਲ ਦਾ ਘਰ ਕਿੱਥੇ ਸੀ?**

ੳ. ਸਕੂਲ ਕੋਲ਼
ਅ. ਆਲੋਕ ਦੇ ਘਰ ਸਾਹਮਣੇ
ੲ. ਇਕਬਾਲ ਦੇ ਘਰ ਦੇ ਪਿੱਛੇ
ਸ. ਸਕੂਲ ਤੋਂ ਦੂਰ।

**4. ਆਲੋਕ ਕਾਹਲ਼ੀ ਵਿੱਚ ਕੀ ਕੰਮ ਕਰਨਾ ਭੁੱਲ ਗਿਆ ਸੀ?**
ੳ. ਸਕੂਲ ਦਾ ਕੰਮ ਕਰਨਾ — ਅ. ਬੱਤੀ ਬੁਝਾਉਣਾ
ੲ. ਇਕਬਾਲ ਕੋਲ਼ ਜਾਣਾ — ਸ. ਸੌਣਾ।

**5. ਕਮਰੇ ਦੀ ਬੱਤੀ ਨਾ ਬੁਝਾਉਣ ਕਰਕੇ ਆਲੋਕ ਨੂੰ ਕੀ ਮਹਿਸੂਸ ਹੋ ਰਿਹਾ ਸੀ?**
ੳ. ਬੁਖ਼ਾਰ ਹੋ ਰਿਹਾ ਸੀ — ਅ. ਕਾਹਲ਼ਾ ਪੈ ਰਿਹਾ ਸੀ
ੲ. ਸੌਂ ਰਿਹਾ ਸੀ — ਸ. ਗੱਲਾਂ ਕਰ ਰਿਹਾ ਸੀ।

## ਪਾਠ-15 (ਤਿੰਨ ਇਨਕਲਾਬੀ-ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ)

➢ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਸ. ਭਗਤ ਸਿੰਘ ਤੇ ਸੁਖਦੇਵ ਦਾ ਜਨਮ ਇੱਕੋ ਸੰਨ 1907 ਈ. ਵਿੱਚ ਹੋਇਆ। ਇਹ ਦੋਵੇਂ ਇਨਕਲਾਬੀ ਦੋਸਤ ਹਾਣੀ ਸਨ। ਰਾਜਗੁਰੂ ਦਾ ਜਨਮ 1908 ਈ. ਦਾ ਹੋਣ ਕਰਕੇ ਉਹ ਦੋਵਾਂ ਇਨਕਲਾਬੀ ਦੋਸਤਾਂ ਨਾਲ਼ੋਂ ਉਮਰ ਵਿੱਚ ਇੱਕ ਸਾਲ ਛੋਟਾ ਸੀ। ਸ. ਭਗਤ ਸਿੰਘ ਦਾ ਜਨਮ ਮਾਤਾ ਵਿੱਦਿਆਵਤੀ ਤੇ ਪਿਤਾ ਸ. ਕਿਸ਼ਨ ਸਿੰਘ ਦੇ ਘਰ ਚੱਕ ਨੰਬਰ 105, ਜ਼ਿਲ੍ਹਾ ਲਾਇਲਪੁਰ (ਹੁਣ ਪਾਕਿਸਤਾਨ) ਵਿੱਚ ਹੋਇਆ। ਸੁਖਦੇਵ ਦਾ ਜਨਮ ਮਾਤਾ ਰਲ਼ੀ ਦੇਵੀ ਤੇ ਪਿਤਾ ਲਾਲਾ ਰਾਮ ਲਾਲ ਥਾਪਰ ਦੇ ਘਰ ਲੁਧਿਆਣੇ ਵਿੱਚ ਹੋਇਆ। ਰਾਜਗੁਰੂ ਦਾ ਜਨਮ ਮਾਤਾ ਪਾਰਬਤੀ ਬਾਈ, ਪਿਤਾ ਸ੍ਰੀ ਨਰੈਣ ਹਰੀ ਰਾਜਗੁਰੂ ਦੇ ਘਰ ਪਿੰਡ ਖੁੱਡ, ਜ਼ਿਲ੍ਹਾ ਪੂਨਾ (ਮਹਾਂਰਾਸ਼ਟਰ) ਵਿੱਚ ਹੋਇਆ। ਰਾਜਗੁਰੂ ਦਾ ਪੂਰਾ ਨਾਂ ਸ਼ਿਵ ਰਾਮ ਹਰੀ ਰਾਜਗੁਰੂ ਸੀ। ਸੁਖਦੇਵ ਦੇ ਪਿਤਾ ਲਾਲਾ ਰਾਮ ਲਾਲ ਥਾਪਰ ਲਾਇਲਪੁਰ ਵਿੱਚ ਆੜ੍ਹਤ ਦੀ ਦੁਕਾਨ ਕਰਦੇ ਸਨ। ਸੁਖਦੇਵ ਅਜੇ ਤਿੰਨ ਕੁ ਸਾਲ ਦਾ ਸੀ ਕਿ ਉਸ ਦੇ ਪਿਤਾ ਦਾ ਸਾਇਆ ਸਿਰ ਤੋਂ ਉੱਠ ਗਿਆ। ਉਸ ਦਾ ਪਾਲਣ-ਪੋਸਣ ਉਸ ਦੇ ਤਾਇਆ ਲਾਲਾ ਚਿੰਤ ਰਾਮ ਜੀ ਨੇ ਕੀਤਾ। ਇਹਨਾਂ ਦਿਨਾਂ ਵਿੱਚ ਹੀ ਸ. ਭਗਤ ਸਿੰਘ ਦੇ ਚਾਚਾ ਜੀ ਸ. ਅਜੀਤ ਸਿੰਘ ਤੇ ਲਾਲਾ ਲਾਜਪਤ ਰਾਏ ਨੇ 'ਪਗੜੀ ਸੰਭਾਲ਼' ਲਹਿਰ ਚਲਾਈ। ਇਸ ਲਹਿਰ ਦਾ ਮਨੋਰਥ ਅੰਗਰੇਜ਼ੀ ਸਰਕਾਰ ਦੀਆਂ ਗ਼ਲਤ ਨੀਤੀਆਂ ਵਿਰੁੱਧ ਲੋਕਾਂ ਨੂੰ ਜਾਗਰੂਕ ਕਰਨਾ ਸੀ। ਇਸ ਲਹਿਰ ਦਾ ਮੁੱਖ ਟਿਕਾਣਾ ਲਾਲਾ ਚਿੰਤ ਰਾਮ ਦੀ ਦੁਕਾਨ ਸੀ। ਸ. ਭਗਤ ਸਿੰਘ ਆਪਣੇ ਦਾਦਾ ਜੀ ਸ. ਅਰਜਨ ਸਿੰਘ ਨਾਲ਼ ਇਸ ਦੁਕਾਨ 'ਤੇ ਅਕਸਰ ਆਇਆ ਕਰਦਾ ਸੀ। ਵੱਡਿਆਂ ਦੀ ਸਾਂਝ ਸਦਕਾ ਸ. ਭਗਤ ਸਿੰਘ ਤੇ ਸੁਖਦੇਵ ਦੀ ਬਚਪਨ ਤੋਂ ਹੀ ਦੋਸਤੀ ਹੋ ਗਈ।

**1. 1907 ਈ. ਵਿੱਚ ਕਿਨ੍ਹਾਂ ਦੋ ਇਲਕਲਾਬੀਆਂ ਦਾ ਜਨਮ ਹੋਇਆ?**
ੳ. ਸ਼ਹੀਦ ਭਗਤ ਸਿੰਘ ਤੇ ਸੁਖਦੇਵ — ਅ. ਸੁਖਦੇਵ ਤੇ ਰਾਜਗੁਰੂ
ੲ. ਰਾਜਗੁਰੂ ਤੇ ਭਗਤ ਸਿੰਘ — ਸ. ਉਪਰੋਕਤ ਵਿੱਚੋਂ ਕੋਈ ਨਹੀਂ।

**2. ਤਿੰਨਾਂ ਇਨਕਲਾਬੀਆਂ ਵਿੱਚੋਂ ਸਭ ਤੋਂ ਛੋਟਾ ਕੌਣ ਸੀ?**
ੳ. ਭਗਤ ਸਿੰਘ — ਅ. ਰਾਜਗੁਰੂ
ੲ. ਸੁਖਦੇਵ — ਸ. ਉਪਰੋਕਤ ਵਿੱਚੋਂ ਕੋਈ ਨਹੀਂ।

**3. ਸੁਖਦੇਵ ਦੇ ਪਿਤਾ ਲਾਲਾ ਰਾਮ ਲਾਲ ਲਾਇਲਪੁਰ ਵਿੱਚ ਕੀ ਕੰਮ ਕਰਿਆ ਕਰਦੇ ਸਨ?**
ੳ. ਖੇਤੀਬਾੜੀ — ਅ. ਆੜ੍ਹਤ ਦੀ ਦੁਕਾਨ
ੲ. ਵਪਾਰ — ਸ. ਨੌਕਰੀ।

**4. ਭਗਤ ਸਿੰਘ ਦੇ ਚਾਚਾ ਅਜੀਤ ਸਿੰਘ ਨੇ ਕਿਹੜੀ ਲਹਿਰ ਚਲਾਈ?**
ੳ. ਪਾਲਣ-ਪੋਸਣ ਲਹਿਰ — ਅ. 'ਪਗੜੀ ਸੰਭਾਲ਼' ਲਹਿਰ
ੲ. ਅੰਗਰੇਜ਼ਾਂ ਵਿਰੁੱਧ ਲਹਿਰ — ਸ. ਦੇਸ-ਭਗਤਾਂ ਦੀ ਲਹਿਰ।

**5. ਭਗਤ ਸਿੰਘ ਤੇ ਸੁਖਦੇਵ ਦੀ ਨਿੱਕੇ ਹੁੰਦਿਆਂ ਦੀ ਦੋਸਤੀ ਪੈਣ ਦਾ ਕੀ ਕਾਰਨ ਸੀ?**
ੳ. ਵੱਡਿਆ ਦੀ ਸਾਂਝ — ਅ. 'ਪਗੜੀ ਸੰਭਾਲ਼' ਲਹਿਰ
ੲ. ਹਾਣੀ ਹੋਣਾ — ਸ. ਇਕੱਠੇ ਪੜ੍ਹਦੇ ਹੋਣਾ।

## ਪਾਠ-17 (ਝੀਲ, ਪਸ਼ੂ-ਪੰਛੀ ਅਤੇ ਬੱਚੇ)

➢ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਬੱਚੇ, ਘੁੱਗੀਆਂ, ਕਾਂ, ਚਿੜੀਆਂ, ਰਿੱਛ, ਬਾਂਦਰ ਸਾਰੇ ਇਕੱਠੇ ਹੋ ਕੇ ਮਨੁੱਖ ਕੋਲ਼ ਗਏ ਅਤੇ ਪੁੱਛਣ ਲੱਗੇ, "ਮਨੁੱਖ-ਮਨੁੱਖ! ਤੂੰ ਰੁੱਖ ਕਿਉਂ ਵੱਢ ਲਏ? ਤੂੰ ਉਨ੍ਹਾਂ ਸਾਰੇ ਰੁੱਖਾਂ ਨੂੰ ਮੁੜ ਕੇ ਬੀਜ ਦੇ। ਨਹੀਂ ਤਾਂ ਪੰਛੀ ਤੈਨੂੰ ਚੁੰਝਾਂ ਮਾਰ-ਮਾਰ ਕੇ ਮਾਰ ਦੇਣਗੇ। ਸ਼ੇਰ ਤੈਨੂੰ ਖਾ ਜਾਵੇਗਾ, ਹਾਥੀ ਤੈਨੂੰ ਪੈਰਾਂ ਥੱਲੇ ਮਧੋਲ਼ ਦੇਵੇਗਾ।" "ਮੇਰੀ ਜਾਨ ਬਖ਼ਸ਼ ਦਿਓ। ਗ਼ਲਤੀ ਮੇਰੀ ਹੈ। ਮੈਂ ਸਾਰੇ ਰੁੱਖ ਵੱਢ ਲਏ। ਮੇਰੇ ਖੇਤਾਂ ਵਿੱਚ ਸੋਕੇ ਨਾਲ਼ ਦਰਾੜਾਂ ਪੈ ਗਈਆਂ ਹਨ। ਮੇਰੇ ਕੋਲ਼ ਅੰਨ ਨਹੀਂ, ਪਾਣੀ ਨਹੀਂ। ਜੋ ਸਜ਼ਾ ਮਰਜ਼ੀ ਮੈਨੂੰ ਦੇਵੋ। ਮੈਂ ਪਾਪੀ ਹਾਂ।" ਮਨੁੱਖ ਰੋ ਪਿਆ। ਮਨੁੱਖ ਨੇ ਹੋਰ ਮਨੁੱਖਾਂ ਨੂੰ ਅਵਾਜ਼ਾਂ ਮਾਰੀਆਂ। ਸਾਰੇ ਇਕੱਠੇ ਹੋ ਗਏ। ਉਨ੍ਹਾਂ ਦੇ ਮੋਢਿਆਂ ਉੱਤੇ ਕਹੀਆਂ 'ਤੇ ਬੇਲਚੇ ਸਨ। ਮਗਰੇ-ਮਗਰ ਬੱਚੇ, ਪੰਛੀ ਅਤੇ ਪਸ਼ੂ ਤੁਰ ਪਏ। ਮਨੁੱਖ ਧਰਤੀ ਪੁੱਟਣ ਲੱਗਿਆ। ਧਰਤੀ ਸਖ਼ਤ ਅਤੇ ਸੁੱਕੀ ਸੀ। ਮਨੁੱਖ ਨੇ ਕਿਹਾ, "ਪਾਣੀ ਨਹੀਂ ਹੈ।" ਪੰਛੀਆਂ ਨੇ ਕਿਹਾ, "ਅਸੀਂ ਆਪਣੀਆਂ ਚੁੰਝਾਂ ਵਿੱਚ ਪਾਣੀ ਲਿਆਵਾਂਗੇ।" "ਬੂਟੇ ਮੈਂ ਬੀਜ ਦਿੰਦਾ ਹਾਂ। ਪਰ ਰਾਖੀ ਕੌਣ ਕਰੇਗਾ?" ਮਨੁੱਖ ਨੇ ਕਿਹਾ। ਮਨੁੱਖ ਨੇ ਬੂਟੇ ਲਾ ਦਿੱਤੇ। ਪੰਛੀ ਚੁੰਝਾਂ ਵਿੱਚ ਪਾਣੀ ਲੈ ਆਉਂਦੇ। ਉਹ ਰੁੱਖਾਂ ਨੂੰ ਸਿੰਜਦੇ। ਸ਼ੇਰ, ਚੀਤੇ, ਬਘਿਆੜ ਉਨ੍ਹਾਂ ਦੀ ਰਾਖੀ ਕਰਦੇ। ਅਚਾਨਕ ਇੱਕ ਦਿਨ ਬੱਦਲ਼ ਆਇਆ ਅਤੇ ਕਹਿਣ ਲੱਗਿਆ, "ਮੈਂ ਤੁਹਾਡੇ ਬੂਟਿਆਂ ਅਤੇ ਰੁੱਖਾਂ ਨੂੰ ਪਾਣੀ ਦੇਵਾਂਗਾ। ਮੈਂ ਤੁਹਾਡੇ 'ਤੇ ਬਹੁਤ ਖ਼ੁਸ਼ ਹਾਂ।"

1. **ਮਨੁੱਖ ਕੋਲ਼ ਕੌਣ ਗਿਆ?**
   ੳ. ਬੱਚੇ		ਅ. ਘੁੱਗੀਆਂ
   ੲ. ਚਿੜੀਆਂ		ਸ. ਉਪਰੋਕਤ ਸਾਰੇ।
2. **ਬੂਟਿਆਂ ਦੀ ਰਾਖੀ ਕਿਸ ਨੇ ਕੀਤੀ?**
   ੳ. ਸ਼ੇਰ ਨੇ		ਅ. ਚੀਤੇ ਨੇ
   ੲ. ਬਘਿਆੜ ਨੇ		ਸ. ਉਪਰੋਕਤ ਸਾਰੇ।
3. **ਮਨੁੱਖ ਨੇ ਕਿਸ ਨੂੰ ਅਵਾਜ਼ਾਂ ਮਾਰੀਆਂ?**
   ੳ. ਮਨੁੱਖਾਂ ਨੂੰ		ਅ. ਸ਼ੇਰਾਂ ਨੂੰ
   ੲ. ਪੰਛੀਆਂ ਨੂੰ		ਸ. ਘੁੱਗੀਆਂ ਨੂੰ।
4. **ਧਰਤੀ ਕਿਸ ਤਰ੍ਹਾਂ ਦੀ ਸੀ?**
   ੳ. ਸਖ਼ਤ		ਅ. ਸਖ਼ਤ ਅਤੇ ਸੁੱਕੀ
   ੲ. ਸੁੱਕੀ		ਸ. ਉਪਰੋਕਤ ਵਿੱਚੋਂ ਕੋਈ ਨਹੀਂ।
5. **ਪਾਣੀ ਲਿਆਉਣ ਲਈ ਕਿਸ ਨੇ ਕਿਹਾ?**
   ੳ. ਸ਼ੇਰ ਨੇ		ਅ. ਬੱਚਿਆਂ ਨੇ
   ੲ. ਬਾਂਦਰਾਂ ਨੇ		ਸ. ਪੰਛੀਆਂ ਨੇ।

## ਪਾਠ-18 (ਸੜਕੀ ਦੁਰਘਟਨਾਵਾਂ ਤੋਂ ਬਚਾਅ)

➢ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਇਹਨਾਂ ਦੁਰਘਟਨਾਵਾਂ ਲਈ ਸੜਕ ਉੱਤੇ ਚੱਲਣ ਵਾਲ਼ੇ ਸਾਰੇ ਹੀ ਜ਼ੁੰਮੇਵਾਰ ਹਨ। ਦੁਰਘਟਨਾਵਾਂ ਦਾ ਇੱਕ ਕਾਰਨ ਹਰ ਇੱਕ ਦਾ ਤੇਜ਼ ਚੱਲਣਾ ਹੈ। ਹਰ ਕੋਈ ਚਾਹੁੰਦਾ ਹੈ ਵੱਧ ਤੋਂ ਵੱਧ ਸਪੀਡ 'ਤੇ ਗੱਡੀ ਚਲਾਈ ਜਾਵੇ। ਜੇ ਆਪ ਨਹੀਂ ਚਲਾਉਂਦੇ ਤਾਂ ਡ੍ਰਾਈਵਰ ਨੂੰ 'ਹੋਰ ਤੇਜ਼' ਚਲਾਉਣ ਲਈ ਕਹਿੰਦੇ ਹਨ। ਸੜਕਾਂ ਉੱਤੇ ਦੋ ਬਰਾਬਰ ਭੱਜਦੀਆਂ ਬੱਸਾਂ ਦੀ ਦੌੜ ਅਕਸਰ ਵੇਖੀ ਜਾਂਦੀ ਹੈ। ਉਹ ਇੱਕ-ਦੂਜੇ ਤੋਂ ਅੱਗੇ ਲੰਘਣ ਦੀ ਕੋਸ਼ਸ਼ ਕਰਦੇ ਹਨ ਪਰ ਮਸ਼ੀਨਾਂ ਨਾਲ਼ ਕਾਹਦਾ ਜ਼ੋਰ। ਤੇਜ਼ ਭੱਜਦੀ ਮੋਟਰ ਗੱਡੀ ਔਖੀ ਰੁਕਦੀ ਹੈ। ਮੁੜਨ ਵੇਲ਼ੇ ਉਲਟ ਜਾਂਦੀ ਹੈ। ਭਲਾ ਸੋਚੋ, ਸਵਾਰੀਆਂ ਨਾਲ਼ ਭਰੀ ਬੱਸ ਨੂੰ ਮੁਕਾਬਲੇ ਵਿੱਚ ਭਜਾਉਣਾ ਸਾਰੀਆਂ ਸਵਾਰੀਆਂ ਦੀ ਜਾਨ ਨਾਲ਼ ਖੇਡਣਾ ਨਹੀਂ। ਹੌਲ਼ੀ ਚਲਾਉਣ ਨਾਲ਼ ਮਸਾਂ ਕੁਝ ਮਿੰਟਾਂ ਦੀ ਹੀ ਦੇਰੀ ਹੁੰਦੀ ਹੈ। ਬਹੁਤ ਸਾਰੇ ਹਾਦਸੇ ਡ੍ਰਾਈਵਰਾਂ ਦੀ ਲਾਪਰਵਾਹੀ ਨਾਲ਼ ਵੀ ਹੁੰਦੇ ਹਨ। ਸ਼ਰਾਬ ਪੀ ਕੇ ਗੱਡੀ ਚਲਾਉਣੀ ਜਾਂ ਗੱਡੀ

ਚਲਾਉਂਦਿਆਂ ਕੰਡਕਟਰ ਜਾਂ ਕਿਸੇ ਹੋਰ ਸਵਾਰੀ ਨਾਲ਼ ਗੱਲੀਂ ਪੈ ਜਾਣਾ ਹਾਦਸੇ ਦਾ ਕਾਰਨ ਬਣ ਜਾਂਦਾ ਹੈ। ਆਪਣੀ ਗੱਡੀ ਨੂੰ ਚੈੱਕ ਨਾ ਕਰਨਾ, ਬ੍ਰੇਕਾਂ ਜਾਂ ਰੋਸ਼ਨੀ ਦਾ ਪ੍ਰਬੰਧ ਠੀਕ ਨਾ ਰੱਖਣਾ, ਦੁਰਘਟਨਾਵਾਂ ਦੇ ਖ਼ਤਰੇ ਨੂੰ ਵਧਾਉਣਾ ਹੈ। ਕਹਿੰਦੇ ਹਨ, ਤਾੜੀ ਇੱਕ ਹੱਥ ਨਾਲ਼ ਨਹੀਂ ਵੱਜਦੀ। ਡ੍ਰਾਈਵਰ ਲੱਖ ਸਾਵਧਾਨੀ ਨਾਲ਼ ਗੱਡੀਆਂ ਚਲਾਉਣ, ਜੇ ਸੜਕ ਉੱਤੇ ਚੱਲਦੇ ਹੋਰ ਲੋਕ ਲਾਪਰਵਾਹੀ ਵਰਤਣਗੇ ਤਾਂ ਦੁਰਘਟਨਾਵਾਂ ਹੁੰਦੀਆਂ ਹੀ ਰਹਿਣਗੀਆਂ। ਭੀੜ ਵਾਲ਼ੀਆਂ ਸੜਕਾਂ ਉੱਤੇ ਪੈਦਲ ਚੱਲਣ ਵਾਲ਼ਿਆਂ ਦਾ ਆਪਣੇ ਖੱਬੇ ਹੱਥ ਨਾ ਤੁਰਨਾ, ਸਾਈਕਲ ਚਲਾਉਣ ਵਾਲ਼ਿਆਂ ਦਾ ਦੋ-ਦੋ, ਤਿੰਨ-ਤਿੰਨ ਦੀਆਂ ਜੋੜੀਆਂ ਬਣਾ ਕੇ ਚੱਲਣਾ, ਮੁੜਨ ਵੇਲ਼ੇ ਹੱਥ ਦਾ ਇਸ਼ਾਰਾ ਨਾ ਦੇਣਾ ਜਾਂ ਗੱਡੀਆਂ-ਮੋਟਰਾਂ ਦੇ ਇਸ਼ਾਰੇ ਅਤੇ ਹਾਰਨਾਂ ਦੀ ਪਰਵਾਹ ਨਾ ਕਰਨਾ, ਮੌਤ ਨੂੰ ਅਵਾਜ਼ਾਂ ਮਾਰਨ ਵਾਲ਼ੀ ਗੱਲ ਹੈ। ਸੜਕ ਆਉਣ-ਜਾਣ ਲਈ ਹੁੰਦੀ ਹੈ, ਵਿਚਕਾਰ ਖੜ੍ਹ ਕੇ ਗੱਲਾਂ ਮਾਰਨ ਜਾਂ ਬੈਠ ਕੇ ਅਰਾਮ ਕਰਨ ਲਈ ਨਹੀਂ ਹੁੰਦੀ।

**1. ਬਹੁਤੇ ਹਾਦਸੇ ਕਿਸ ਦੀ ਲਾਪਰਵਾਹੀ ਕਾਰਨ ਹੁੰਦੇ ਹਨ?**
ੳ. ਡ੍ਰਾਈਵਰ ਦੀ
ਅ. ਕੰਡਕਟਰ ਦੀ
ੲ. ਲੋਕਾਂ ਕਰਕੇ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

**2. ਦੁਰਘਟਨਾਵਾਂ ਲਈ ਕੌਣ ਜ਼ੁੰਮੇਵਾਰ ਹੈ?**
ੳ. ਲੋਕ
ਅ. ਡ੍ਰਾਈਵਰ
ੲ. ਕੰਡਕਟਰ
ਸ. ਸੜਕ 'ਤੇ ਚੱਲਣ ਵਾਲ਼ੇ ਸਾਰੇ ਹੀ।

**3. ਸੜਕ ਉੱਤੇ ਪੈਦਲ ਚੱਲਣ ਵਾਲ਼ਿਆਂ ਨੂੰ ਕਿਸ ਹੱਥ ਚੱਲਣਾ ਚਾਹੀਦਾ ਹੈ?**
ੳ. ਸੱਜੇ ਹੱਥ
ਅ. ਖੱਬੇ ਹੱਥ
ੲ. ਵਿਚਕਾਰ
ਸ. ਉਪਰੋਕਤ ਸਾਰੇ।

**4. ਕਿਹੜੀਆਂ ਗੱਲਾਂ ਹਾਦਸੇ ਦਾ ਕਾਰਨ ਬਣਦੀਆਂ ਹਨ?**
ੳ. ਸ਼ਰਾਬ ਪੀ ਕੇ ਗੱਡੀ ਚਲਾਉਣਾ
ਅ. ਬ੍ਰੇਕਾਂ ਦਾ ਸਹੀ ਪ੍ਰਬੰਧ ਨਾ ਹੋਣਾ
ੲ. ਮੁੜਨ ਵੇਲ਼ੇ ਇਸ਼ਾਰਾ ਨਾ ਦੇਣਾ
ਸ. ਉਪਰੋਕਤ ਸਾਰੇ।

**5. ਸੜਕ ਉੱਤੇ ਅਕਸਰ ਕਿਨ੍ਹਾਂ ਦੀ ਦੌੜ ਆਮ ਦੇਖੀ ਜਾਂਦੀ ਹੈ?**
ੳ. ਸਾਈਕਲਾਂ ਦੀ
ਅ. ਬੱਸਾਂ ਦੀ
ੲ. ਟ੍ਰੱਕਾਂ ਦੀ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

## ਪਾਠ-19 (ਤਿੰਨ ਸਵਾਲ)

- **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਤਪੀਸ਼ਰ ਨੇ ਕਿਹਾ, "ਰਾਜਨ! ਵੇਖ ਜੇ ਤੂੰ ਮੇਰੇ ਉੱਤੇ ਦਇਆ ਕਰ ਕੇ ਕਿਆਰੀ ਨਾ ਪੁੱਟਦਾ ਅਤੇ ਛੇਤੀ ਵਾਪਸ ਮੁੜ ਜਾਂਦਾ ਤਾਂ ਇਹ ਆਦਮੀ ਤੇਰੇ ਉੱਤੇ ਹਮਲਾ ਕਰ ਕੇ ਤੈਨੂੰ ਕਤਲ ਕਰ ਦਿੰਦਾ। ਸੋ ਸਭ ਤੋਂ ਚੰਗਾ ਸਮਾਂ ਉਹ ਸੀ ਜਦ ਤੂੰ ਕਿਆਰੀ ਪੁੱਟਦਾ ਸੀ। ਮੈਂ ਉਸ ਵੇਲ਼ੇ ਦੇ ਵਰਤਾਅ ਲਈ ਤੇਰੇ ਲਈ ਚੰਗਾ ਪੁਰਸ਼ ਸਾਂ ਅਤੇ ਮੇਰੇ ਨਾਲ਼ ਨੇਕੀ ਕਰਨਾ ਤੇ ਮੇਰੀ ਮਦਦ ਕਰਨਾ ਤੇਰਾ ਸਭ ਤੋਂ ਜ਼ਰੂਰੀ ਕੰਮ ਸੀ ਫਿਰ ਉਸ ਤੋਂ ਪਿੱਛੋਂ ਜਦ ਇਹ ਗੱਭਰੂ ਦੌੜਦਾ ਆਇਆ ਤਾਂ ਸਭ ਤੋਂ ਚੰਗਾ ਸਮਾਂ ਉਹ ਸੀ ਜਦੋਂ ਤੂੰ ਉਸ ਦੀ ਪੱਟੀ ਕੀਤੀ। ਜੇ ਤੂੰ ਇਉਂ ਨਾ ਕਰਦਾ ਤਾਂ ਇਹ ਆਦਮੀ ਮਰ ਜਾਂਦਾ। ਉਸ ਵੇਲ਼ੇ ਵਰਤਾਅ ਲਈ ਓਹੀ ਜ਼ਰੂਰੀ ਆਦਮੀ ਸੀ ਅਤੇ ਜੋ ਭਲਾ ਤੂੰ ਉਸ ਨਾਲ਼ ਕੀਤਾ, ਉਹ ਹੀ ਜ਼ਰੂਰੀ ਕੰਮ ਸੀ।" ਕੁਝ ਕੁ ਰੁਕ ਕੇ ਤਪੀਸ਼ਰ ਫਿਰ ਕਹਿਣ ਲੱਗਾ: "ਯਾਦ ਰੱਖੋ, ਸਭ ਤੋਂ ਜ਼ਰੂਰੀ ਤੇ ਚੰਗਾ ਸਮਾਂ ਵਰਤਮਾਨ ਦਾ ਹੈ। ਇਸ ਵੇਲ਼ੇ ਜੋ ਨੇਕੀ ਹੋ ਸਕੇ, ਕਰ ਲਓ। ਇਹ ਵੇਲ਼ਾ ਸਾਡੇ ਹੱਥ ਵਿੱਚ ਹੈ; ਇਹ ਜ਼ਰੂਰੀ ਵੇਲ਼ਾ ਹੈ। ਵਰਤਾਅ ਲਈ ਉਹੋ ਹੀ ਚੰਗਾ ਆਦਮੀ ਹੁੰਦਾ ਹੈ, ਜਿਹੜਾ ਉਸ ਘੜੀ ਸਾਡੇ ਕੋਲ਼ ਹੋਵੇ, ਪਤਾ ਨਹੀਂ ਹੋਰ ਕਿਸੇ ਵੇਲ਼ੇ ਕਿਸੇ ਨਾਲ਼ ਅਸਾਡਾ ਵਾਹ ਹੀ ਨਾ ਪਏ ਤੇ ਬੰਦਾ ਇਸ ਜਹਾਨ ਤੋਂ ਕੂਚ ਕਰ ਜਾਵੇ।" "ਤੇ ਅਸਲ ਵਿੱਚ ਕੰਮਾਂ ਵਿੱਚੋਂ ਸਭ ਤੋਂ ਅਹਿਮ, ਉੱਚਾ ਤੇ ਜ਼ਰੂਰੀ ਕੰਮ ਇਹੋ ਹੈ ਕਿ ਹਰ ਕਿਸੇ ਆਦਮੀ ਦਾ ਭਲਾ ਕੀਤਾ ਜਾਵੇ ਕਿਉਂਕਿ ਮਨੁੱਖ ਦੇ ਦੁਨੀਆ ਵਿੱਚ ਆਉਣ ਦਾ ਮੰਤਵ ਇਹ ਇੱਕੋ ਹੀ ਹੈ।" ਤਪੀਸ਼ਰ ਵੱਲੋਂ ਦਿੱਤੇ ਸਵਾਲਾਂ ਦੇ ਸਹੀ ਜਵਾਬਾਂ ਨਾਲ਼ ਰਾਜੇ ਦੀ ਤਸੱਲੀ ਹੋ ਗਈ। ਉਹ ਤਪੀਸ਼ਰ ਦਾ ਧੰਨਵਾਦ ਕਰਦਾ ਹੋਇਆ ਖ਼ੁਸ਼ੀ-ਖ਼ੁਸ਼ੀ ਵਾਪਸ ਪਰਤ ਗਿਆ।

1. **ਕਿਆਰੀ ਕੌਣ ਪੁੱਟ ਰਿਹਾ ਸੀ?**
   ੳ. ਗੱਭਰੂ
   ਅ. ਰਾਜਾ
   ੲ. ਤਪੀਸ਼ਰ
   ਸ. ਉਪਰੋਕਤ ਵਿੱਚੋਂ ਕੋਈ ਨਹੀਂ।
2. **ਪੱਟੀ ਕਿਸ ਦੇ ਕੀਤੀ ਗਈ ਸੀ?**
   ੳ. ਰਾਜੇ ਦੇ
   ਅ. ਤਪੀਸ਼ਰ ਦੇ
   ੲ. ਗੱਭਰੂ ਦੇ
   ਸ. ਉਪਰੋਕਤ ਸਾਰੇ।
3. **ਸਭ ਤੋਂ ਜ਼ਰੂਰੀ ਤੇ ਚੰਗਾ ਸਮਾਂ ਕਿਹੜਾ ਹੈ?**
   ੳ. ਵਰਤਮਾਨ
   ਅ. ਭੂਤਕਾਲ
   ੲ. ਭਵਿੱਖ ਕਾਲ
   ਸ. ਉਪਰੋਕਤ ਵਿੱਚੋਂ ਕੋਈ ਨਹੀਂ।
4. **ਸਭ ਤੋਂ ਉੱਚਾ ਤੇ ਜ਼ਰੂਰੀ ਕੰਮ ਕਿਹੜਾ ਹੈ?**
   ੳ. ਕਿਆਰੀ ਪੁੱਟਣਾ
   ਅ. ਪੱਟੀ ਕਰਨਾ
   ੲ. ਭਲਾ ਕਰਨਾ
   ਸ. ਧੰਨਵਾਦ ਕਰਨਾ।
5. **ਪੈਰੇ ਵਿੱਚ ਕਿਸ-ਕਿਸ ਦੀ ਗੱਲ-ਬਾਤ ਹੋ ਰਹੀ ਹੈ?**
   ੳ. ਗੱਭਰੂ ਅਤੇ ਤਪੀਸ਼ਰ ਦੀ
   ਅ. ਰਾਜੇ ਅਤੇ ਗੱਭਰੂ ਦੀ
   ੲ. ਰਾਜਨ ਅਤੇ ਤਪੀਸ਼ਰ ਦੀ
   ਸ. ਗੱਭਰੂ ਅਤੇ ਆਦਮੀ ਦੀ।

## ਪਾਠ–21 (ਪਿੰਡ ਇਉਂ ਬੋਲਦੈ)

➢ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਦਿਨ ਵੇਲ਼ੇ ਉਨ੍ਹਾਂ ਦੇ ਤਾਇਆ ਜੀ ਸਾਰਿਆਂ ਨੂੰ ਆਪਣੇ ਫ਼ਾਰਮ 'ਤੇ ਲੈ ਗਏ। ਫ਼ਲ਼ਾਂ ਦੇ ਬੂਟੇ ਫ਼ਲ਼ਾਂ ਨਾਲ਼ ਝੂਲ ਰਹੇ ਸਨ। ਅਮਰੂਦ ਦੇ ਬੂਟਿਆਂ ਉੱਤੇ ਤਾਂ ਢੇਰ ਸਾਰੇ ਅਮਰੂਦ ਲੱਗੇ ਹੋਏ ਸਨ ਤੇ ਉਹ ਏਨੇ ਨੀਵੇਂ ਸਨ ਕਿ ਭਾਵੇਂ ਹੱਥ ਨਾਲ਼ ਤੋੜ ਲਓ। ਦੀਪ ਦੇ ਤਾਇਆ ਜੀ ਦੇ ਲੜਕੇ ਨੇ ਦੱਸਿਆ ਕਿ ਇਹਨਾਂ ਅਮਰੂਦਾਂ ਵਿੱਚ ਕੀੜਾ ਨਹੀਂ ਹੁੰਦਾ ਕਿਉਂਕਿ ਇੱਥੇ ਜਿੰਨੇ ਵੀ ਬੂਟੇ ਲਾਏ ਗਏ ਹਨ, ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀਆਂ ਹਿਦਾਇਤਾਂ ਅਨੁਸਾਰ ਹੀ ਲਾਏ ਗਏ ਹਨ। ਯੂਨੀਵਰਸਿਟੀ ਦੇ ਸੁਝਾਵਾਂ ਅਨੁਸਾਰ ਹੁਣ ਜੈਵਿਕ ਖੇਤੀ ਦਾ ਵੀ ਰੁਝਾਨ ਹੋ ਗਿਆ ਹੈ। ਤਾਇਆ ਜੀ ਪਾਪਾ ਨੂੰ ਦੱਸ ਰਹੇ ਸਨ ਕਿ "ਐਤਕੀਂ ਕਣਕ ਦਾ ਝਾੜ ਵੀ ਬਹੁਤ ਸੀ। ਖੇਤੀਬਾੜੀ ਮਾਹਰ ਇੱਥੇ ਆਏ ਸਨ, ਉਨ੍ਹਾਂ ਅਨੁਸਾਰ ਹੀ ਬਿਜਾਈ ਵਗ਼ੈਰਾ ਕੀਤੀ ਸੀ।" ਸ਼ਾਮ ਨੂੰ ਤਾਈ ਜੀ ਨੇ ਖੇਤਾਂ 'ਚੋਂ ਤਾਜ਼ਾ-ਤਾਜ਼ਾ ਸਾਗ ਤੋੜ ਕੇ ਲਿਆਂਦਾ ਤੇ ਬਣਾਇਆ ਰਾਤੀਂ ਸਾਗ ਨਾਲ਼ ਮੱਕੀ ਦੀਆਂ ਰੋਟੀਆਂ ਪਕਾਈਆਂ। ਸਾਰਿਆਂ ਨੇ ਬੜੇ ਸੁਆਦ ਨਾਲ਼ ਸਾਗ ਤੇ ਮੱਕੀ ਦੀ ਰੋਟੀ ਖਾਧੀ। ਅਗਲੇ ਦਿਨ ਉਨ੍ਹਾਂ ਨੇ ਦਰਿਆ ਵਿੱਚ ਲੱਗੀ ਪਣ-ਚੱਕੀ ਦੇਖੀ, ਤੇਲ ਕੱਢਣ ਵਾਲ਼ੀ ਚੱਕੀ ਦੇਖੀ ਜੋ ਸ਼ਾਮ ਵੇਲ਼ੇ ਖ਼ਾਸ ਕਿਸਮ ਦਾ ਸੰਗੀਤ ਪੈਦਾ ਕਰਦੀਆਂ ਸਨ। ਉੱਥੇ ਨੇੜੇ ਹੀ ਇੱਕ ਪੋਲਟਰੀ-ਫ਼ਾਰਮ ਸੀ। ਤਾਇਆ ਜੀ ਸਭ ਬੱਚਿਆਂ ਨੂੰ ਉੱਥੇ ਲੈ ਗਏ। ਕੁਕੜੀਆਂ ਕਿੱਥੇ ਅੰਡੇ ਦਿੰਦੀਆਂ ਹਨ, ਉਨ੍ਹਾਂ ਦੀ ਖ਼ੁਰਾਕ ਦਾ ਇੰਤਜ਼ਾਮ, ਪਾਣੀ ਦਾ ਇੰਤਜ਼ਾਮ, ਸਾਫ਼-ਸਫ਼ਾਈ ਆਦਿ ਉਨ੍ਹਾਂ ਨੇ ਸਭ ਕੁਝ ਦੇਖਿਆ। ਸਭ ਨੇ ਰਲ਼ ਕੇ ਖ਼ੂਬ ਮੌਜ-ਮਸਤੀ ਕੀਤੀ।

1. **ਕਿਹੜੀ ਫ਼ਸਲ ਦਾ ਝਾੜ ਬਹੁਤ ਸੀ?**
   ੳ. ਕਣਕ ਦਾ
   ਅ. ਅਮਰੂਦ ਦਾ
   ੲ. ਮੱਕੀ ਦਾ
   ਸ. ਉਪਰੋਕਤ ਵਿੱਚੋਂ ਕੋਈ ਨਹੀਂ।
2. **ਸ਼ਾਮ ਨੂੰ ਸੰਗੀਤ ਕੌਣ ਪੈਦਾ ਕਰਦਾ ਹੈ?**
   ੳ. ਪਣ-ਚੱਕੀ
   ਅ. ਤੇਲ ਕੱਢਣ ਵਾਲ਼ੀ ਚੱਕੀ
   ੲ. ੳ ਅਤੇ ਅ ਦੋਵੇਂ
   ਸ. ਪੋਲਟਰੀ-ਫ਼ਾਰਮ।
3. **ਪੋਲਟਰੀ-ਫ਼ਾਰਮ ਵਿੱਚ ਬੱਚਿਆਂ ਨੇ ਕੀ ਦੇਖਿਆ?**
   ੳ. ਕੁਕੜੀਆਂ
   ਅ. ਕੁਕੜੀਆਂ ਦੀ ਖ਼ੁਰਾਕ ਦਾ ਇੰਤਜ਼ਾਮ
   ੲ. ਕੁਕੜੀਆਂ ਦੇ ਪਾਣੀ ਦਾ ਇੰਤਜ਼ਾਮ
   ਸ. ਉਪਰੋਕਤ ਸਾਰੇ।

4. **ਤਾਇਆ ਜੀ ਸਾਰਿਆਂ ਨੂੰ ਕਿੱਥੇ ਲੈ ਕੇ ਗਏ?**
   ੳ. ਪੋਲਟਰੀ-ਫ਼ਾਰਮ 'ਤੇ — ਅ. ਦਰਿਆ 'ਤੇ
   ੲ. ਆਪਣੇ ਫ਼ਾਰਮ 'ਤੇ — ਸ. ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ।
5. **ਅਮਰੂਦਾਂ ਵਿੱਚ ਕੀੜੇ ਨਾ ਹੋਣ ਬਾਰੇ ਕਿਸ ਨੇ ਦੱਸਿਆ?**
   ੳ. ਦੀਪ ਨੇ — ਅ. ਤਾਇਆ ਜੀ ਨੇ
   ੲ. ਤਾਈ ਜੀ ਨੇ — ਸ. ਤਾਇਆ ਜੀ ਦੇ ਲੜਕੇ ਨੇ।

## ਪਾਠ-22 (ਲੋਕ-ਨਾਇਕ ਦਾ ਚਲਾਣਾ)

➢ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਪਟਿਆਲ਼ਾ ਤੋਂ ਦਿੱਲੀ ਜਾਣ ਵਾਲ਼ੀ ਬੱਸ ਰਾਜਪੁਰਾ ਨਹੀਂ ਸੀ ਰੁਕਦੀ। ਉਹ ਤਾਂ ਅਚਾਨਕ ਹੀ ਕੰਡਕਟਰ ਨੇ ਇਕਦਮ ਘੰਟੀ ਦੇ ਕੇ ਰੋਕ ਲਈ ਸੀ, ਜਿਵੇਂ ਉਸ ਨੂੰ ਕੋਈ ਜ਼ਰੂਰੀ ਕੰਮ ਚੇਤੇ ਆ ਗਿਆ ਹੋਵੇ। ਉਹ ਪੰਜ-ਸੱਤ ਮਿੰਟ ਲਾ ਕੇ ਵਾਪਸ ਆਇਆ ਤਾਂ ਸਵਾਰੀਆਂ ਕਾਹਲ਼ੀਆਂ ਪੈ ਰਹੀਆਂ ਸਨ। ਏਨੀ ਗਰਮੀ ਵਿੱਚ ਇੱਕ ਮਿੰਟ ਵੀ ਨਹੀਂ ਸੀ ਰੁਕਿਆ ਜਾਂਦਾ ਤੇ ਉਹ ਵੀ ਬਿਨਾਂ ਕਾਰਨ। ਕੰਡਕਟਰ ਮੁੜਿਆ ਤਾਂ ਉਸ ਦੇ ਨਾਲ਼ ਟਿਕਟ-ਚੈੱਕਰ ਵੀ ਸੀ। ਇੱਕੋ ਬੋਲ, ਕਈ ਅਵਾਜ਼ਾਂ ਆਈਆਂ। ਸਭ ਦੀਆਂ ਸਭ ਸਵਾਰੀਆਂ ਆਪੋ-ਆਪਣੀ ਹੈਰਾਨੀ ਪ੍ਰਗਟ ਕਰ ਰਹੀਆਂ ਸਨ। ਬੱਸ ਡ੍ਰਾਈਵਰ ਨੇ ਇੰਞ ਬ੍ਰੇਕਾਂ ਲਾਈਆਂ ਜਿਵੇਂ ਕਿਸੇ ਨੂੰ ਥੱਲੇ ਆਉਣੋਂ ਬਚਾ ਰਿਹਾ ਹੋਵੇ। "ਹੈਂ! ਨਹਿਰੂ ਜੀ ਤੁਰ ਗਏ?" ਉਸ ਨੇ ਬੱਸ ਰੋਕ ਲਈ। ਨਾ ਧੁੱਪ ਦੇਖੀ ਨਾ ਛਾਂ, ਉੱਥੇ ਦਾ ਉੱਥੇ ਹੀ ਰੁਕ ਗਿਆ। ਚੈੱਕਰ ਨੇ ਖ਼ਬਰ ਦੀ ਵਿਆਖਿਆ ਕੀਤੀ। ਪੰਡਤ ਜੀ ਸਵੇਰ ਤੋਂ ਹੀ ਬੇਹੋਸ਼ ਸਨ। ਇੱਕ ਵਾਰੀ ਬੇਹੋਸ਼ ਹੋਣ ਤੋਂ ਪਿੱਛੋਂ ਹੋਸ਼ ਨਹੀਂ ਸੀ ਆਈ। ਸਭ ਨੂੰ ਯਕੀਨ ਹੋ ਗਿਆ। ਖ਼ਬਰ ਸੱਚੀ ਸੀ। ਜਵਾਹਰ ਲਾਲ ਨਹਿਰੂ ਸੁਰਗਵਾਸ ਹੋ ਚੁੱਕੇ ਸਨ। ਸਭ ਦੇ ਚਿਹਰਿਆਂ ਉੱਤੇ ਮੁੜ੍ਹਕੇ ਦੀਆਂ ਬੂੰਦਾਂ ਸਨ। ਬਾਹਰ ਵੀ ਕਾਫ਼ੀ ਧੁੱਪ ਸੀ। ਮੈਂ ਬਾਹਰ ਵੇਖਿਆ ਤਾਂ ਅਸੀਂ ਸ਼ਾਹਬਾਦ ਵਿੱਚੋਂ ਲੰਘ ਰਹੇ ਸੀ। ਬਹੁਤ ਸਾਰੇ ਲੋਕ ਮਾਤਮੀ ਜਲੂਸ ਦੇ ਰੂਪ ਵਿੱਚ ਸੜਕ ਉੱਤੇ ਤੁਰ ਰਹੇ ਸਨ। ਬੱਸ ਪਹਿਲੋਂ ਹੀ ਲੇਟ ਸੀ। ਡ੍ਰਾਈਵਰ ਵਧੇਰੇ ਲੇਟ ਨਹੀਂ ਸੀ ਕਰਨਾ ਚਾਹੁੰਦਾ। ਉਸ ਨੇ ਭੀੜ ਨੂੰ ਹਟਾਉਣ ਲਈ ਹਾਰਨ ਦਿੱਤਾ। ਪਰ ਭੀੜ ਨੇ ਇਹ ਗੱਲ ਪਸੰਦ ਨਹੀਂ ਸੀ ਕੀਤੀ। ਲੋਕਾਂ ਨੇ ਬੱਸ ਰੋਕ ਲਈ। "ਨਹਿਰੂ ਜੀ ਮਰ ਗਏ ਨੇ, ਤੂੰ ਹਾਰਨ ਵਜਾਉਂਦੈਂ?" ਸਾਰੀ ਭੀੜ ਡ੍ਰਾਈਵਰ ਦੇ ਗਲ਼ ਪੈ ਗਈ।

1. **ਕਿਸ ਦੇ ਮਰਨ ਦੀ ਖ਼ਬਰ ਮਿਲ਼ੀ ਸੀ?**
   ੳ. ਡ੍ਰਾਈਵਰ ਦੇ — ਅ. ਚੈੱਕਰ ਦੇ
   ੲ. ਨਹਿਰੂ ਜੀ ਦੇ — ਸ. ਸਵਾਰੀਆਂ ਦੇ।
2. **ਸਾਰੀ ਭੀੜ ਕਿਸ ਦੇ ਗਲ਼ ਪੈ ਗਈ?**
   ੳ. ਚੈੱਕਰ ਦੇ — ਅ. ਡ੍ਰਾਈਵਰ ਦੇ
   ੲ. ਪੰਡਤ ਜੀ ਦੇ — ਸ. ਲੋਕਾਂ ਦੇ।
3. **ਬੱਸ ਕਿਹੜੇ ਸ਼ਹਿਰ ਵਿੱਚੋਂ ਲੰਘ ਰਹੀ ਸੀ?**
   ੳ. ਪਟਿਆਲ਼ਾ — ਅ. ਦਿੱਲੀ
   ੲ. ਰਾਜਪੁਰਾ — ਸ. ਸ਼ਾਹਬਾਦ।
4. **ਬੱਸ ਅਚਾਨਕ ਹੀ ਘੰਟੀ ਦੇ ਕੇ ਕਿਸ ਨੇ ਰੋਕ ਲਈ?**
   ੳ. ਡ੍ਰਾਈਵਰ ਨੇ — ਅ. ਕੰਡਕਟਰ ਨੇ
   ੲ. ਚੈੱਕਰ ਨੇ — ਸ. ਲੋਕਾਂ ਨੇ।
5. **ਸਵੇਰ ਤੋਂ ਕੌਣ ਬੇਹੋਸ਼ ਸੀ?**
   ੳ. ਡ੍ਰਾਈਵਰ — ਅ. ਕੰਡਕਟਰ
   ੲ. ਪੰਡਤ ਨਹਿਰੂ ਜੀ — ਸ. ਚੈੱਕਰ।

## ਪਾਠ-23 (ਹਾਕੀ ਖਿਡਾਰਨ : ਅਜਿੰਦਰ ਕੌਰ)

> **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਕੁਝ ਵਰ੍ਹੇ ਪਹਿਲਾਂ ਅੰਮ੍ਰਿਤਸਰ ਵਿੱਚ ਪੰਜਾਬਣਾਂ ਦਾ ਖੇਡ-ਮੇਲਾ ਮਨਾਇਆ ਗਿਆ। ਜਦੋਂ ਉਹ ਸਫ਼ੈਦ ਰੰਗ ਦੀ ਖੇਡ-ਪੁਸ਼ਾਕ ਪਹਿਨ ਕੇ ਮੈਦਾਨ ਵਿੱਚ ਮਸ਼ਾਲ ਜਗਾਉਣ ਲਈ ਆਈ ਉਦੋਂ ਇੰਞ ਜਾਪਿਆ ਜਿਵੇਂ ਮੈਦਾਨ ਵਿੱਚ ਰੋਸ਼ਨੀ ਹੋ ਗਈ ਹੋਵੇ। ਸ਼ਾਇਦ ਹੀ ਕੋਈ ਭਾਰਤੀ ਹਾਕੀ ਟੀਮ ਚੁਣੀ ਗਈ ਹੋਵੇ, ਜਿਸ ਵਿੱਚ ਅਜਿੰਦਰ ਨੂੰ ਸ਼ਾਮਲ ਨਾ ਕੀਤਾ ਗਿਆ ਹੋਵੇ। ਉਹ ਫ਼ੁੱਲ ਬੈਕ ਤੇ ਸੈਂਟਰ ਹਾਫ਼ ਦੋਹਾਂ ਪੁਜ਼ੀਸ਼ਨਾਂ ’ਤੇ ਵਧੀਆ ਖੇਡ ਲੈਂਦੀ ਸੀ। ਅਜਿੰਦਰ ਬਾਰੇ ਕਿਹਾ ਜਾਂਦਾ ਹੈ ਕਿ ਉਹ ਔਰਤਾਂ ਵਾਲ਼ੀ ਨਹੀਂ ਸਗੋਂ ਮਰਦਾਂ ਵਾਲ਼ੀ ਹਾਕੀ ਖੇਡਦੀ ਹੈ। ਉਸ ਨੇ 3 ਸਾਲ ਨਹਿਰੂ ਗਾਰਡਨ ਸਕੂਲ ਲਈ, 3 ਸਾਲ ਲਾਇਲਪੁਰ ਖ਼ਾਲਸਾ ਕਾਲਜ ਲਈ ਜਲੰਧਰ ਲਈ ਅਤੇ 3 ਸਾਲ ਹੀ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਲਈ ਹਾਕੀ ਖੇਡੀ। 1967 ਈ. ਵਿੱਚ ਉਹ ਪੰਜਾਬ ਯੂਨੀਵਰਸਿਟੀ ਦੀ ਹਾਕੀ ਟੀਮ ਦੀ ਕਪਤਾਨ ਬਣੀ। ਉਸ ਦੀ ਕਪਤਾਨੀ ਹੇਠ ਯੂਨੀਵਰਸਿਟੀ ਦੀ ਟੀਮ ਨੇ ਅੰਤਰ-ਯੂਨੀਵਰਸਿਟੀ ਹਾਕੀ ਚੈਂਪੀਅਨਸ਼ਿਪ ਜਿੱਤ ਲਈ। 1968 ਈ. ਦੇ ਪਹਿਲੇ ਮਹਿਲਾ ਏਸ਼ੀਆਈ ਹਾਕੀ ਟੂਰਨਾਮੈਂਟ ਸਮੇਂ ਉਹ ਭਾਰਤੀ ਟੀਮ ਵਿੱਚ ਖੇਡੀ ਤੇ ਭਾਰਤੀ ਟੀਮ ਤੀਜੇ ਨੰਬਰ ’ਤੇ ਰਹੀ। ਉਹ ਟੋਕੀਓ, ਨਿਊਜ਼ੀਲੈਂਡ, ਫ਼੍ਰਾਂਸ, ਸਕਾਟਲੈਂਡ, ਸਪੇਨ ਗਈ ਤੇ ਹਰ ਥਾਂ ਜਿੱਤ ਪ੍ਰਾਪਤ ਕੀਤੀ। ਅਜਿੰਦਰ ਲਈ ਉਹ ਪਲ ਸਭ ਤੋਂ ਵੱਧ ਯਾਦਗਾਰੀ ਸਨ ਜਦੋਂ ਉਸ ਨੇ 1976 ਈ. ਵਿੱਚ ਮਦਰਾਸ ਵਿਖੇ ‘ਬੇਗਮ ਰਸੂਲ ਟ੍ਰਾਫ਼ੀ’ ਨਾਂ ਦਾ ਇੱਕ ਅੰਤਰਰਾਸ਼ਟਰੀ ਟੂਰਨਾਮੈਂਟ ਖੇਡਿਆ। ਉਸ ਦੇ ਵਧੀਆ ਪ੍ਰਦਰਸ਼ਨ ਸਦਕਾ ਹੀ ਭਾਰਤੀ ਟੀਮ ਨੂੰ ਜਿੱਤ ਪ੍ਰਾਪਤ ਹੋਈ। ਇਸ ਤਰ੍ਹਾਂ ਉਸ ਨੇ ਲਗਾਤਾਰ 1967 ਈ. ਤੋਂ 1978 ਈ. ਤੱਕ ਭਾਰਤੀ ਟੀਮ ਵਿੱਚ ਸ਼ਿਰਕਤ ਕੀਤੀ।

1. **ਅਜਿੰਦਰ ਕੌਰ ਕਿਹੜੀ ਪੁਜੀਸ਼ਨ ’ਤੇ ਵਧੀਆ ਖੇਡ ਲੈਂਦੀ ਸੀ?**
   ੳ. ਫ਼ੁੱਲ ਬੈਕ — ਅ. ਸੈਂਟਰ ਹਾਫ਼
   ੲ. ੳ ਅਤੇ ਅ ਦੋਵੇਂ ਸਹੀ — ਸ. ਉਪਰੋਕਤ ਵਿੱਚੋਂ ਕੋਈ ਨਹੀਂ।
2. **ਅਜਿੰਦਰ ਕੌਰ ਪੰਜਾਬ ਯੂਨੀਵਰਸਿਟੀ ਦੀ ਹਾਕੀ ਟੀਮ ਦੀ ਕਪਤਾਨ ਕਦੋਂ ਬਣੀ?**
   ੳ. 1968 ਵਿੱਚ — ਅ. 1976 ਵਿੱਚ
   ੲ. 1967 ਵਿੱਚ — ਸ. 1978 ਵਿੱਚ।
3. **ਅਜਿੰਦਰ ਕੌਰ ਨੇ ‘ਬੇਗਮ ਰਸੂਲ ਟ੍ਰਾਫ਼ੀ’ ਨਾਂ ਦਾ ਅੰਤਰਰਾਸ਼ਟਰੀ ਟੂਰਨਾਮੈਂਟ ਕਿੱਥੇ ਖੇਡਿਆ?**
   ੳ. ਟੋਕੀਓ — ਅ. ਫ਼੍ਰਾਂਸ
   ੲ. ਮਦਰਾਸ — ਸ. ਸਪੇਨ।
4. **ਪੰਜਾਬੀਆਂ ਦਾ ਖੇਡ ਮੇਲਾ ਕਿੱਥੇ ਮਨਾਇਆ ਗਿਆ?**
   ੳ. ਮਦਰਾਸ — ਅ. ਅੰਮ੍ਰਿਤਸਰ
   ੲ. ਚੰਡੀਗੜ੍ਹ — ਸ. ਜਲੰਧਰ।
5. **ਅਜਿੰਦਰ ਕੌਰ ਨੇ ਲਗਾਤਾਰ ਕਦੋਂ ਤੋਂ ਕਦੋਂ ਤੱਕ ਭਾਰਤੀ ਟੀਮ ਵਿੱਚ ਸ਼ਿਰਕਤ ਕੀਤੀ?**
   ੳ. 1967 ਤੋਂ 1968 — ਅ. 1967 ਤੋਂ 1976
   ੲ. 1967 ਤੋਂ 1978 — ਸ. ਉਪਰੋਕਤ ਵਿੱਚੋਂ ਕੋਈ ਨਹੀਂ।

> **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਅਜਿੰਦਰ ਕੌਰ ਦੀਆਂ ਹਾਕੀ ਦੀ ਖੇਡ ਵਿੱਚ ਪ੍ਰਾਪਤੀਆਂ ਨੂੰ ਮੁੱਖ ਰੱਖ ਕੇ ਭਾਰਤ ਸਰਕਾਰ ਨੇ 1974 ਈ. ਵਿੱਚ ਉਸ ਨੂੰ ‘ਅਰਜਨ ਐਵਾਰਡ’ ਨਾਲ਼ ਸਨਮਾਨਿਤ ਕੀਤਾ। 1979 ਈ. ਵਿੱਚ ਪੰਜਾਬ ਸਰਕਾਰ ਨੇ ਆਪ ਨੂੰ ‘ਮਹਾਰਾਜਾ ਰਣਜੀਤ ਸਿੰਘ ਐਵਾਰਡ’ ਦਿੱਤਾ। 1994 ਈ. ਵਿੱਚ ਪੰਜਾਬ ਸਪੋਰਟਸ ਵਿਭਾਗ ਨੇ ‘ਪੰਜਾਬ ਦੀ ਮਹਿਲਾ ਆਗੂ’ ਅਤੇ ‘ਸਰਬ-ਸ੍ਰੇਸ਼ਠ ਖਿਡਾਰਨ ਵਜੋਂ ਸਨਮਾਨਿਤ ਕੀਤਾ। ਅਜਿੰਦਰ ਆਪਣੀਆਂ ਸਾਰੀਆਂ ਜਿੱਤਾਂ ਦਾ ਸਿਹਰਾ ਆਪਣੇ ਕੋਚ, ਸ. ਗੁਰਚਰਨ ਸਿੰਘ ਬੋਧੀ ਦੇ ਸਿਰ ਬੰਨ੍ਹਦੀ ਹੈ। ਅਜਿੰਦਰ ਕੌਰ ਨੇ ਖੇਡਣ ਦੇ ਨਾਲ਼-ਨਾਲ਼ ਪੜ੍ਹਾਈ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ। ਉਸ ਨੇ ਸਰੀਰਕ ਸਿੱਖਿਆ ਦੀ ਐੱਮ. ਏ. ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਕੀਤੀ। ਬਾਅਦ ਵਿੱਚ ਇਸੇ ਵਿਸ਼ੇ ’ਤੇ

ਪੀ.ਐੱਚ.ਡੀ. ਵੀ ਕੀਤੀ। ਉਸ ਨੇ ਪਟਿਆਲ਼ਾ ਦੇ ਰਾਸ਼ਟਰੀ ਖੇਡ ਸੰਸਥਾ ਤੋਂ ਕੋਚਿੰਗ ਦਾ ਡਿਪਲੋਮਾ ਹਾਸਲ ਕੀਤਾ। ਉਸ ਨੇ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਸੈਕਟਰ-35 ਚੰਡੀਗੜ੍ਹ ਵਿੱਚ ਸਰੀਰਕ ਸਿੱਖਿਆ ਦੇ ਅਧਿਆਪਕ ਵਜੋਂ ਕੰਮ ਕੀਤਾ। ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਵਿੱਚ ਉਸ ਨੇ ਕੋਚ ਦੀ ਸੇਵਾ ਵੀ ਨਿਭਾਈ ਹੈ। ਅੱਜ-ਕੱਲ੍ਹ ਉਹ ਇੰਗਲੈਂਡ ਵਿਖੇ ਆਪਣੇ ਪਰਿਵਾਰ ਨਾਲ਼ ਰਹਿ ਰਹੀ ਹੈ। ਉਹ ਜਦੋਂ ਵੀ ਵਿਦੇਸ਼ ਤੋਂ ਆਉਂਦੀ ਹੈ ਤਾਂ ਆਪਣੇ ਇਸ਼ਟ, ਹਾਕੀ ਦੇ ਮੈਦਾਨ ਨੂੰ ਸਿਜਦਾ ਕਰਦੀ ਹੈ ਅਤੇ ਫਿਰ ਆਪਣੇ ਰੌਣਕ ਭਰੇ ਅੰਦਾਜ਼ ਨਾਲ਼ ਚਾਰ-ਚੁਫੇਰੇ ਮਿਲ਼ਨ-ਗਿਲ਼ਨ ਵਾਲ਼ਿਆਂ ਵਿੱਚ ਖ਼ੁਸ਼ੀਆਂ ਖਿਲਾਰਦੀ ਵਾਪਸ ਪਰਤ ਜਾਂਦੀ ਹੈ।

**6. ਅਜਿੰਦਰ ਕੌਰ ਨੂੰ ਅਰਜਨ ਐਵਾਰਡ ਕਦੋਂ ਮਿਲ਼ਿਆ?**

ੳ. 1994     ਅ. 1974

ੲ. 1979     ਸ. ਉਪਰੋਕਤ ਵਿੱਚੋਂ ਕੋਈ ਨਹੀਂ।

**7. ਅਜਿੰਦਰ ਕੌਰ ਨੇ ਸਰੀਰਕ ਸਿੱਖਿਆ ਵਿਸ਼ੇ ਤੇ ਕਿਹੜੀ ਵੱਡੀ ਡਿਗਰੀ ਹਾਸਲ ਕੀਤੀ?**

ੳ. ਐੱਮ.ਏ.     ਅ. ਪੀ.ਐੱਚ.ਡੀ.

ੲ. ਡਿਪਲੋਮਾ     ਸ. ਉਪਰੋਕਤ ਵਿੱਚੋਂ ਕੋਈ ਨਹੀਂ।

**8. ਅੱਜ-ਕੱਲ੍ਹ ਅਜਿੰਦਰ ਕੌਰ ਆਪਣੇ ਪਰਿਵਾਰ ਨਾਲ਼ ਕਿੱਥੇ ਰਹਿ ਰਹੀ ਹੈ?**

ੳ. ਚੰਡੀਗੜ੍ਹ     ਅ. ਪਟਿਆਲ਼ਾ

ੲ. ਇੰਗਲੈਂਡ     ਸ. ਉਪਰੋਕਤ ਵਿੱਚੋਂ ਕੋਈ ਨਹੀਂ।

**9. 1979 ਵਿੱਚ ਪੰਜਾਬ ਸਰਕਾਰ ਨੇ ਆਪ ਨੂੰ ਕਿਹੜਾ ਐਵਾਰਡ ਦਿੱਤਾ?**

ੳ. ਅਰਜਨ ਐਵਾਰਡ     ਅ. ਮਹਾਰਾਜਾ ਰਣਜੀਤ ਸਿੰਘ ਐਵਾਰਡ

ੲ. ਪੰਜਾਬ ਸਪੋਰਟਸ ਐਵਾਰਡ     ਸ. ਪੰਜਾਬ ਦੀ ਮਹਿਲਾ ਆਗੂ।

**10. ਅਜਿੰਦਰ ਕੌਰ ਨੇ ਸਰੀਰਕ ਸਿੱਖਿਆ ਦੀ ਐੱਮ.ਏ. ਦੀ ਡਿਗਰੀ ਕਿੱਥੋਂ ਹਾਸਲ ਕੀਤੀ?**

ੳ. ਪਟਿਆਲ਼ਾ     ਅ. ਚੰਡੀਗੜ੍ਹ

ੲ. ਇੰਗਲੈਂਡ     ਸ. ਉਪਰੋਕਤ ਸਾਰੇ।

## ਪਾਠ-24 (ਵੱਡੇ ਕੰਮ ਦੀ ਭਾਲ਼)

➢ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਮਸ਼ਕ ਸੰਭਾਲ਼ਦਿਆਂ ਭਾਈ ਘਨੱਈਆ ਉੱਥੋਂ ਉੱਠਿਆ ਤੇ ਹੋਰ ਜ਼ਖ਼ਮੀਆਂ ਨੂੰ ਪਾਣੀ ਪਿਆਉਣ ਲਈ ਅਗਾਂਹ ਤੁਰ ਪਿਆ। ਗੁਰੂ ਗੋਬਿੰਦ ਸਿੰਘ ਜੀ ਕੋਲ਼ ਭਾਈ ਘਨੱਈਆ ਦੀਆਂ ਸ਼ਿਕਾਇਤਾਂ ਪਹੁੰਚੀਆਂ ਸਨ। ਸ਼ਿਕਾਇਤਾਂ ਇਹ ਸਨ ਕਿ ਉਹ ਦੁਸ਼ਮਣ ਦੇ ਸਿਪਾਹੀਆਂ ਨੂੰ ਵੀ ਪਾਣੀ ਪਿਆਉਂਦਾ ਸੀ। ਇੱਕ ਸਿੱਖ ਨੇ ਤਾਂ ਇੱਥੋਂ ਤੱਕ ਵੀ ਦੱਸਿਆ ਕਿ ਉਹ ਦੁਸ਼ਮਣ ਸਿਪਾਹੀਆਂ ਦੇ ਜ਼ਖ਼ਮਾਂ ਉੱਤੇ ਪੱਟੀਆਂ ਵੀ ਬੰਨ੍ਹ ਦਿੰਦਾ ਸੀ। ਸ਼ਿਕਾਇਤਾਂ ਸੁਣਦਿਆਂ ਗੁਰੂ ਜੀ ਦੇ ਬੁੱਲ੍ਹਾਂ ਉੱਤੇ ਨਿੰਮ੍ਹੀ-ਨਿੰਮ੍ਹੀ ਮੁਸਕਰਾਹਟ ਖੇਡਦੀ ਰਹੀ। ਸ਼ਿਕਾਇਤਾਂ ਸੁਣਨ ਤੋਂ ਪਿੱਛੋਂ ਉਨ੍ਹਾਂ ਜਵਾਬ ਲਈ ਭਾਈ ਘੱਨਈਏ ਵੱਲ ਵੇਖਿਆ। ਭਾਈ ਘਨੱਈਏ ਨੇ ਦੋਵੇਂ ਹੱਥ ਜੋੜ ਕੇ ਨਿਮਰਤਾ ਨਾਲ਼ ਉੱਤਰ ਦਿੱਤਾ, "ਸੱਚੇ ਪਾਤਸ਼ਾਹ! ਮੈਂ ਜਿਸ-ਜਿਸ ਨੂੰ ਵੀ ਪਾਣੀ ਪਿਆਇਆ ਹੈ, ਉਨ੍ਹਾਂ ਵਿੱਚੋਂ ਮੈਨੂੰ ਕੋਈ ਵੀ ਦੁਸ਼ਮਣ ਵਿਖਾਈ ਨਹੀਂ ਦਿੱਤਾ। ਉਹ ਸਭ ਰੱਬ ਦੇ ਬੰਦੇ ਸਨ ਅਤੇ ਲੋੜਵੰਦ ਸਨ। ਤੁਸਾਂ ਹੀ ਤਾਂ ਆਖਿਆ ਸੀ ਕਿ ਮੈਂ ਲੜਾਈ ਵਿੱਚ ਲੋੜਵੰਦਾਂ ਨੂੰ ਪਾਣੀ ਪਿਆਵਾਂ। ਮੈਨੂੰ ਤਾਂ ਸਗੋਂ ਉਨ੍ਹਾਂ ਵਿੱਚ ਤੁਹਾਡਾ ਅਕਸ ਹੀ ਦਿਸਦਾ ਰਿਹਾ ਹੈ।" ਗੁਰੂ ਗੋਬਿੰਦ ਸਿੰਘ ਜੀ ਆਪਣੇ ਸਿੱਖ ਅੰਦਰ ਜਿਹੜੇ ਗੁਣ ਵੇਖਣਾ ਚਾਹੁੰਦੇ ਸਨ, ਉਨ੍ਹਾਂ ਗੁਣਾਂ ਨੂੰ ਭਾਈ ਘਨੱਈਆ ਨੇ ਆਪਣੇ ਅੰਦਰ ਸਮੋ ਲਿਆ ਸੀ। ਗੁਰੂ ਜੀ ਬਹੁਤ ਪ੍ਰਸੰਨ ਹੋਏ। ਉਨ੍ਹਾਂ ਭਾਈ ਘਨੱਈਆ ਨੂੰ ਜ਼ਖ਼ਮੀਆਂ ਦੀ ਮਲ੍ਹਮ-ਪੱਟੀ ਕਰਨ ਦਾ ਕੰਮ ਵੀ ਸੌਂਪ ਦਿੱਤਾ। ਭਾਈ ਘਨੱਈਆ ਜੀ ਨੇ ਗੁਰੂ ਜੀ ਦੀ ਆਗਿਆ ਅਨੁਸਾਰ ਸੇਵਾ ਭਾਵ ਵਾਲ਼ੇ ਸਿੱਖਾਂ ਦਾ ਇੱਕ ਜਥਾ ਤਿਆਰ ਕੀਤਾ। ਉਹ ਸਾਰੇ ਪੂਰੇ ਮਨ ਨਾਲ਼ ਜ਼ਖ਼ਮੀਆਂ ਅਤੇ ਪਿਆਸਿਆਂ ਦੀ ਸੇਵਾ ਕਰਨ ਲੱਗ

ਪਏ। ਭਾਈ ਘਨੱਈਆ ਲਈ ਨਾ ਕੋਈ ਵੈਰੀ ਸੀ ਤੇ ਨਾ ਕੋਈ ਬੇਗਾਨਾ ਸੀ। ਜਿਊਂਣ ਦੇ ਜਿਸ ਮੰਤਵ ਦੀ ਭਾਲ਼ ਵਿੱਚ ਉਹ ਘਰੋਂ ਤੁਰਿਆ ਸੀ, ਉਹ 'ਵੱਡਾ ਕੰਮ' ਉਹਨੂੰ ਆਪਣੇ ਗੁਰੂ ਕੋਲ਼ੋਂ ਲੱਭ ਪਿਆ ਸੀ।

**1. ਭਾਈ ਘਨੱਈਆ ਜੀ ਦੀ ਸ਼ਿਕਾਇਤ ਕਿਸ ਨੂੰ ਕੀਤੀ ਗਈ?**

ੳ. ਸਿਪਾਹੀਆਂ ਨੂੰ　　ਅ. ਦੁਸ਼ਮਣਾਂ ਨੂੰ

ੲ. ਗੁਰੂ ਗੋਬਿੰਦ ਸਿੰਘ ਜੀ ਨੂੰ　　ਸ. ਸਿੱਖਾਂ ਨੂੰ।

**2. ਭਾਈ ਘਨੱਈਆ ਨੇ ਦੋਵੇਂ ਹੱਥ ਜੋੜ ਕੇ ------- ਉੱਤਰ ਦਿੱਤਾ।**

ੳ. ਮੁਸਕਰਾਹਟ ਨਾਲ਼　　ਅ. ਨਿਮਰਤਾ ਨਾਲ਼

ੲ. ਪ੍ਰਸੰਨਤਾ ਨਾਲ਼　　ਸ. ਲੜਾਈ ਨਾਲ਼।

**3. ਭਾਈ ਘਨੱਈਆ ਜੀ ਨੇ ਕਿਨ੍ਹਾਂ ਦਾ ਜਥਾ ਤਿਆਰ ਕੀਤਾ?**

ੳ. ਸਿਪਾਹੀਆਂ ਦਾ　　ਅ. ਦੁਸ਼ਮਣਾਂ ਦਾ

ੲ. ਸਿੱਖਾਂ ਦਾ　　ਸ. ਗੁਰੂਆਂ ਦਾ।

**4. ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਘਨੱਈਆ ਨੂੰ ਕਿਹੜਾ ਕੰਮ ਸੌਂਪਿਆ?**

ੳ. ਪਾਣੀ ਪਿਆਉਣ ਦਾ　　ਅ. ਮਲ੍ਹਮ-ਪੱਟੀ ਕਰਨ ਦਾ

ੲ. ੳ ਅਤੇ ਅ ਦੋਵੇਂ　　ਸ. ਉਪਰੋਕਤ ਵਿੱਚੋਂ ਕੋਈ ਨਹੀਂ।

**5. ਭਾਈ ਘਨੱਈਆ ਜੀ ਨੂੰ 'ਵੱਡਾ ਕੰਮ' ਕਿਸ ਕੋਲ਼ੋਂ ਲੱਭ ਪਿਆ ਸੀ?**

ੳ. ਲੋੜਵੰਦਾਂ ਤੋਂ　　ਅ. ਦੁਸ਼ਮਣ ਤੋਂ

ੲ. ਸਿਪਾਹੀਆਂ ਤੋਂ　　ਸ. ਗੁਰੂ ਕੋਲ਼ੋਂ।

## ➢ ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :

ਉਹ ਪਿੰਡ ਪਰੀ-ਲੋਕ ਵਰਗਾ ਸੀ। ਦਰਿਆ ਚਨਾਬ ਦੇ ਕੰਢੇ ਵੱਸੇ ਉਸ ਪਿੰਡ ਸੋਧਰਾ ਦੇ ਸੌ ਦਰਵਾਜ਼ੇ ਸਨ। ਸੌ ਦਰਾਂ ਅਰਥਾਤ ਦਰਵਾਜ਼ਿਆਂ ਕਰਕੇ ਹੀ ਉਸ ਪਿੰਡ ਦਾ ਨਾਂ ਸੋਧਰਾ ਸੀ। ਸੋਧਰਾ ਵਿੱਚ ਇੱਕ ਨੌਂ-ਲੱਖਾ ਬਾਗ਼ ਵੀ ਸੀ। ਚਨਾਬ ਦਰਿਆ ਦਾ ਪਾਣੀ ਉਸ ਬਾਗ਼ ਨੂੰ ਹਰਿਆ-ਭਰਿਆ ਰੱਖਦਾ ਸੀ। ਸੋਧਰਾ ਬਹੁਤ ਹੀ ਸੋਹਣਾ ਪਿੰਡ ਸੀ, ਜਿਹੜਾ ਇੱਕ ਵਾਰੀ ਸੋਧਰਾ ਵਿੱਚ ਰਹਿਣ ਲੱਗ ਪੈਂਦਾ, ਉਸ ਦਾ ਹੋਰ ਕਿਧਰੇ ਵੀ ਜਾਣ ਨੂੰ ਜੀਅ ਨਹੀਂ ਸੀ ਕਰਦਾ। ਨਿੱਕਾ ਘਨੱਈਆ ਵੀ ਸੋਧਰਾ ਵਿੱਚ ਰਹਿੰਦਾ ਸੀ, ਪਰ ਉਹ ਸੋਧਰਾ ਦੇ ਬਾਕੀ ਬਾਲਾਂ ਨਾਲ਼ੋਂ ਵੱਖਰਾ ਸੀ। ਉਸ ਦਾ ਦਿਲ ਕਰਦਾ ਸੀ ਕਿ ਉਹ ਵੱਡਾ ਹੋ ਕੇ ਪਿੰਡ ਤੋਂ ਬਾਹਰ ਜਾਵੇ। ਹੋਰ ਥਾਂਵਾਂ ਵੀ ਵੇਖੇ ਤੇ ਫਿਰ ਕੁਝ ਕਰਨ ਬਾਰੇ ਸੋਚੇ। ਉਸ ਨੇ ਮਾਂ ਨੂੰ ਦੱਸਿਆ, "ਮਾਂ! ਜਦੋਂ ਮੈਂ ਵੱਡਾ ਹੋ ਜੂੰਗਾ, ਮੈਂ ਕਿਤੇ ਦੂਰ ਜਾ ਕੇ ਕੋਈ ਕੰਮ ਕਰੂੰਗਾ।" ਮਾਂ ਉਸ ਦੇ ਵੱਲ ਵੇਖ ਮੁਸਕਰਾਈ, "ਤੂੰ ਭਾਵੇਂ ਕਿਧਰੇ ਵੀ ਚਲਿਆ ਜਾਵੀਂ, ਪਰ ਕੋਈ ਵੱਡਾ ਕੰਮ ਹੀ ਕਰੀਂ।"

**6. ਕਿਹੜਾ ਪਿੰਡ ਪਰੀ-ਲੋਕ ਵਰਗਾ ਸੀ?**

ੳ. ਨੌਂ-ਲੱਖਾ　　ਅ. ਸੋਹਣਾ

ੲ. ਸੋਧਰਾ　　ਸ. ਉਪਰੋਕਤ ਵਿੱਚੋਂ ਕੋਈ ਨਹੀਂ।

**7. ਸੋਧਰਾ ਕਿਸ ਦੇ ਕੰਢੇ ਵੱਸਿਆ ਹੋਇਆ ਸੀ?**

ੳ. ਪਿੰਡ ਦੇ　　ਅ. ਦਰਿਆ ਦੇ

ੲ. ਬਾਗ਼ ਦੇ　　ਸ. ਦਰਵਾਜ਼ਿਆਂ ਦੇ।

**8. ਸੋਧਰਾ ਪਿੰਡ ਵਿੱਚ ਕੌਣ ਰਹਿੰਦਾ ਸੀ?**

ੳ. ਨਿੱਕਾ　　ਅ. ਵੱਡਾ ਘਨੱਈਆ

ੲ. ਪਰੀਆਂ　　ਸ. ਨਿੱਕਾ ਘਨੱਈਆ।

**9. ਸੋਧਰਾ ਵਿੱਚ ਕਿਹੜਾ ਬਾਗ਼ ਸੀ?**

ੳ. ਨੌਂ-ਲੱਖਾ
ਅ. ਸੋਹਣਾ
ੲ. ਹਰਿਆ-ਭਰਿਆ
ਸ. ੳ ਅਤੇ ੲ ਦੋਵੇਂ।

**10. ਮਾਂ ਨੇ ਉਸ ਨੂੰ ਵੱਡਾ ਹੋ ਕੇ ਕੀ ਕਰਨ ਲਈ ਕਿਹਾ?**
ੳ. ਸੈਰ ਕਰਨ
ਅ. ਵੱਡਾ ਕੰਮ
ੲ. ਪਿੰਡ ਤੋਂ ਬਾਹਰ ਜਾਵੇ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

## ਪਾਠ 25 (ਭਾਰਤ ਰਤਨ : ਡਾ. ਭੀਮ ਰਾਓ ਅੰਬੇਦਕਰ)

➢ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਦਸਵੀਂ ਪਾਸ ਕਰਕੇ ਭੀਮ ਰਾਓ ਅਲਫਿੰਸਟੋਨ ਕਾਲਜ ਮੁੰਬਈ ਵਿੱਚ ਦਾਖ਼ਲ ਹੋ ਗਏ। ਭਾਵੇਂ ਘਰ ਵਿੱਚ ਆਰਥਿਕ ਤੰਗੀ ਸੀ ਪਰ ਉਹ ਹੋਰ ਅੱਗੇ ਪੜ੍ਹਨਾ ਚਾਹੁੰਦੇ ਸਨ। ਇਸ ਮੌਕੇ ਉਨ੍ਹਾਂ ਦੇ ਇੱਕ ਅਧਿਆਪਕ ਕਲੂਸਕਰ ਉਨ੍ਹਾਂ ਦੀ ਮਦਦ ਕਰਨ ਲਈ ਅੱਗੇ ਆ ਗਏ। ਉਹ ਭੀਮ ਰਾਓ ਨੂੰ ਰਿਆਸਤ ਬੜੌਦਾ ਦੇ ਮਹਾਰਾਜਾ ਕੋਲ਼ ਲੈ ਗਏ। ਮਹਾਰਾਜਾ ਸੀਆ ਜੀ ਗਾਇਕਵਾੜ ਨੇ ਭੀਮ ਰਾਓ ਤੋਂ ਕੁਝ ਪ੍ਰਸ਼ਨ ਪੁੱਛੇ। ਭੀਮ ਰਾਓ ਨੇ ਸਾਰੇ ਪ੍ਰਸ਼ਨਾਂ ਦੇ ਠੀਕ ਉੱਤਰ ਦਿੱਤੇ। ਮਹਾਰਾਜਾ ਜੀ ਖ਼ੁਸ਼ ਹੋ ਗਏ। ਭੀਮ ਰਾਓ ਨੂੰ ਬੜੌਦਾ ਰਿਆਸਤ ਵੱਲੋਂ ਹੁਸ਼ਿਆਰ ਵਿਦਿਆਰਥੀਆਂ ਨੂੰ ਦਿੱਤਾ ਜਾਂਦਾ ਵਜ਼ੀਫ਼ਾ ਲੱਗ ਗਿਆ। ਇਸ ਆਰਥਿਕ ਮਦਦ ਨਾਲ਼ 1912 ਈ. ਵਿੱਚ ਭੀਮ ਰਾਓ ਨੇ ਬੀ. ਏ. ਪਾਸ ਕਰ ਲਈ। ਭੀਮ ਰਾਓ ਉਚੇਰੀ ਵਿੱਦਿਆ ਹਾਸਲ ਕਰਨਾ ਚਾਹੁੰਦੇ ਸਨ। ਬੜੌਦਾ ਦੇ ਮਹਾਰਾਜਾ ਕੁਝ ਹੁਸ਼ਿਆਰ ਵਿਦਿਆਰਥੀਆਂ ਨੂੰ ਪੜ੍ਹਨ ਲਈ ਅਮਰੀਕਾ ਭੇਜ ਰਹੇ ਸਨ। ਭੀਮ ਰਾਓ ਮਹਾਰਾਜਾ ਨੂੰ ਆਪ ਜਾ ਕੇ ਮਿਲ਼ੇ। ਮਹਾਰਾਜਾ ਨੇ ਉਨ੍ਹਾਂ ਦੀ ਬੇਨਤੀ ਮੰਨ ਲਈ। ਉਨ੍ਹਾਂ ਨੂੰ ਉਚੇਰੀ ਵਿੱਦਿਆ ਪੜ੍ਹਨ ਲਈ ਅਮਰੀਕਾ ਜਾਣ ਦਾ ਮੌਕਾ ਮਿਲ਼ ਗਿਆ। ਉਨ੍ਹਾਂ ਨੇ ਸਖ਼ਤ ਮਿਹਨਤ ਕਰਕੇ ਕੋਲੰਬੀਆ ਯੂਨੀਵਰਸਿਟੀ ਤੋਂ ਐੱਮ.ਏ. ਤੇ ਪੀ-ਐੱਚ.ਡੀ. ਦੀ ਡਿਗਰੀ ਹਾਸਲ ਕਰ ਲਈ। ਇੱਥੇ ਉਨ੍ਹਾਂ ਨੇ ਬਿਲਕੁਲ ਸਾਦਾ ਜੀਵਨ ਬਿਤਾਇਆ। ਆਮ ਕਰਕੇ ਉਹ ਦਿਨ ਵਿੱਚ ਇੱਕ ਕੱਪ ਚਾਹ ਤੇ ਡਬਲਰੋਟੀ ਖਾ ਕੇ ਹੀ ਗੁਜ਼ਾਰਾ ਕਰ ਲੈਂਦੇ ਸਨ। ਅਮਰੀਕਾ ਵਿੱਚ ਪੜ੍ਹਾਈ ਪੂਰੀ ਕਰਕੇ ਉਹ ਲੰਡਨ ਪੁੱਜ ਗਏ। ਇੱਥੇ ਉਨ੍ਹਾਂ ਨੇ ਅਰਥ-ਸ਼ਾਸਤਰ ਤੇ ਕਨੂੰਨ ਦੀ ਪੜ੍ਹਾਈ ਸ਼ੁਰੂ ਕਰ ਦਿੱਤੀ। ਥੋੜ੍ਹੀ ਦੇਰ ਬਾਅਦ ਵਜ਼ੀਫ਼ੇ ਦੀ ਮਿਆਦ ਮੁੱਕ ਜਾਣ ਕਾਰਨ ਉਹ ਦੇਸ ਪਰਤ ਆਏ। ਭਾਰਤ ਆ ਕੇ ਭੀਮ ਰਾਓ ਮਹਾਰਾਜਾ ਬੜੌਦਾ ਦੇ ਮਿਲਟਰੀ-ਸਕੱਤਰ ਲੱਗ ਗਏ। ਦਫ਼ਤਰ ਵਿੱਚ ਜਾਤੀ ਭੇਦ-ਭਾਵ ਹੋਣ ਕਾਰਨ ਉਨ੍ਹਾਂ ਨੇ ਇਹ ਨੌਕਰੀ ਛੱਡ ਦਿੱਤੀ। ਮੁੰਬਈ ਆ ਕੇ ਉਹ ਸਿਡਹਿਨਮ ਕਾਲਜ ਵਿੱਚ ਰਾਜਨੀਤੀ ਸ਼ਾਸਤਰ ਦੇ ਪ੍ਰੋਫ਼ੈਸਰ ਲੱਗ ਗਏ।

**1. ਦਸਵੀਂ ਪਾਸ ਕਰਨ ਤੋਂ ਬਾਅਦ ਡਾ. ਭੀਮ ਰਾਓ ਅੰਬੇਦਕਰ ਨੇ ਕਿੱਥੇ ਦਾਖ਼ਲਾ ਲਿਆ?**
ੳ. ਬੜੌਦਾ
ਅ. ਮੁੰਬਈ
ੲ. ਲੰਡਨ
ਸ. ਅਮਰੀਕਾ।

**2. ਕੋਲੰਬੀਆ ਯੂਨੀਵਰਸਿਟੀ ਤੋਂ ਭੀਮ ਰਾਓ ਨੇ ਕਿਹੜੀ ਡਿਗਰੀ ਹਾਸਲ ਕੀਤੀ?**
ੳ. ਬੀ.ਏ.
ਅ. ਪੀ.ਐੱਚ.ਡੀ.
ੲ. ਐੱਮ.ਏ.
ਸ. ਅ ਅਤੇ ੲ ਦੋਵੇਂ।

**3. ਭੀਮ ਰਾਓ ਨੂੰ ਵਜ਼ੀਫ਼ਾ ਕਿਸ ਵੱਲੋਂ ਦਿੱਤਾ ਗਿਆ?**
ੳ. ਕਲੂਸਕਰ
ਅ. ਬੜੌਦਾ ਰਿਆਸਤ
ੲ. ਅਧਿਆਪਕ
ਸ. ਪ੍ਰਿੰਸੀਪਲ।

**4. 1912 ਵਿੱਚ ਭੀਮ ਰਾਓ ਨੇ ਕਿਹੜੀ ਡਿਗਰੀ ਹਾਸਲ ਕੀਤੀ?**
ੳ. ਐੱਮ.ਏ.
ਅ. ਦਸਵੀਂ
ੲ. ਬੀ. ਏ.
ਸ. ਪੀ.ਐੱਚ.ਡੀ.।

**5. ਭੀਮ ਰਾਓ ਨੇ ਅਰਥ-ਸ਼ਾਸਤਰ ਤੇ ਕਨੂੰਨ ਦੀ ਪੜ੍ਹਾਈ ਕਿੱਥੇ ਸ਼ੁਰੂ ਕੀਤੀ?**
ੳ. ਅਮਰੀਕਾ
ਅ. ਲੰਡਨ

ੲ. ਬੜੌਦਾ

ਸ. ਮੁੰਬਈ।

## ➢ ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :

ਡਾ. ਭੀਮ ਰਾਓ ਅੰਬੇਦਕਰ ਨੇ ਬਚਪਨ ਤੋਂ ਹੀ ਮਨੁੱਖ ਵੱਲੋਂ ਮਨੁੱਖ ਪ੍ਰਤਿ ਕੀਤੀ ਜਾਂਦੀ ਨਫ਼ਰਤ ਸਹਿਣ ਕੀਤੀ ਸੀ। ਉਨ੍ਹਾਂ ਨੂੰ ਅਹਿਸਾਸ ਹੋ ਗਿਆ ਸੀ ਕਿ ਜਾਤ-ਪਾਤ ਵਿੱਦਿਆ ਦੀ ਰੋਸ਼ਨੀ ਨਾਲ਼ ਦੂਰ ਹੋ ਸਕਦੀ ਹੈ। ਸਮਾਜ ਵਿੱਚ ਵਿੱਦਿਆ ਦਾ ਦੀਪ ਜਗਾਉਣ ਲਈ ਉਨ੍ਹਾਂ ਨੇ 'ਪੀਪਲਜ਼ ਐਜੂਕੇਸ਼ਨਲ ਸੁਸਾਇਟੀ' ਬਣਾਈ। ਇਸ ਸਭਾ ਵੱਲੋਂ ਗ਼ਰੀਬ ਬੱਚਿਆਂ ਦੀ ਪੜ੍ਹਾਈ ਲਈ ਸਕੂਲ, ਕਾਲਜ ਤੇ ਹੋਸਟਲ ਖੋਲ੍ਹੇ ਗਏ। ਸਮਾਜ-ਭਲਾਈ ਦੇ ਕਾਰਜ ਨੂੰ ਘਰ-ਘਰ ਪਹੁੰਚਾਉਣ ਲਈ ਉਨ੍ਹਾਂ ਨੇ 'ਮੂਕ ਨਾਇਕ' ਤੇ 'ਬਹਿਸ਼ਕ੍ਰਿਤ ਭਾਰਤ' ਹਫ਼ਤਾਵਾਰ ਅਖ਼ਬਾਰ ਕੱਢੇ। ਲੰਡਨ ਵਿੱਚ ਹੋਈਆਂ ਗੋਲ਼ਮੇਜ਼ ਕਾਨਫ਼ਰੰਸਾਂ ਵਿੱਚ ਜਾ ਕੇ ਪਛੜੇ ਵਰਗਾਂ ਦੀ ਸਥਿਤੀ ਬਿਆਨ ਕੀਤੀ। ਉਨ੍ਹਾਂ ਦੇ ਯਤਨਾਂ ਨਾਲ਼ ਪਛੜੀਆਂ ਸ਼੍ਰੇਣੀਆਂ ਨੂੰ ਕੁਝ ਬੁਨਿਆਦੀ ਸਹੂਲਤਾਂ ਮਿਲ਼ੀਆਂ। ਗ਼ਰੀਬ ਸਮਾਜ ਦੀ ਭਲਾਈ ਹਿਤ ਸੰਘਰਸ਼ ਕਰਦਿਆਂ ਉਹ 1927 ਵਿੱਚ ਵਿਧਾਨ ਪ੍ਰੀਸ਼ਦ, ਮੁੰਬਈ ਦੇ ਮੈਂਬਰ ਚੁਣੇ ਗਏ। ਭਾਰਤ ਅਜ਼ਾਦ ਹੋਇਆ ਤਾਂ ਉਨ੍ਹਾਂ ਨੂੰ ਦੇਸ ਦੇ ਪਹਿਲੇ ਕਨੂੰਨ ਮੰਤਰੀ ਬਣਾਇਆ ਗਿਆ। ਇਸ ਪਦ 'ਤੇ ਕੰਮ ਕਰਦਿਆਂ ਉਨ੍ਹਾਂ ਨੇ ਬੱਚਿਆਂ, ਔਰਤਾਂ ਤੇ ਦਲਿਤ ਸਮਾਜ ਦਾ ਜੀਵਨ-ਪੱਧਰ ਉੱਚਾ ਚੁੱਕਣ ਲਈ ਭਰਪੂਰ ਉਪਰਾਲੇ ਕੀਤੇ। ਉਨ੍ਹਾਂ ਨੇ ਦਿਨ-ਰਾਤ ਮਿਹਨਤ ਕਰਕੇ ਭਾਰਤ ਦਾ ਸੰਵਿਧਾਨ ਲਿਖਿਆ ਜੋ 26 ਜਨਵਰੀ, 1950 ਨੂੰ ਲਾਗੂ ਹੋਇਆ। ਜੀਵਨ ਦੇ ਅੰਤਲੇ ਦਿਨਾਂ ਵਿੱਚ ਉਹ ਬੁੱਧ-ਧਰਮ ਦੀ ਸ਼ਰਨ ਵਿੱਚ ਚਲੇ ਗਏ। ਦੇਸ ਦੇ ਲੋਕਾਂ ਨੂੰ ਜਾਗ੍ਰਿਤ ਕਰਨ ਲਈ ਉਨ੍ਹਾਂ ਨੇ ਬਹੁਤ ਸਾਰੀਆਂ ਪੁਸਤਕਾਂ ਲਿਖੀਆਂ। ਡਾ. ਭੀਮ ਰਾਓ ਅੰਬੇਦਕਰ ਦੇ ਸੌ ਸਾਲਾ ਜਨਮ ਦਿਵਸ ਉੱਤੇ ਭਾਰਤ ਸਰਕਾਰ ਵੱਲੋਂ ਉਨ੍ਹਾਂ ਨੂੰ 'ਭਾਰਤ ਰਤਨ' ਦੀ ਉਪਾਧੀ ਨਾਲ਼ ਸਨਮਾਨਿਤ ਕੀਤਾ ਗਿਆ। ਇਹ ਮਹਾਨ ਸਮਾਜ-ਸੁਧਾਰਕ, ਕਨੂੰਨਦਾਨ ਤੇ ਫ਼ਿਲਾਸਫ਼ਰ 6 ਦਸੰਬਰ, 1956 ਨੂੰ ਸਮਦਲ ਸਮਾਜ ਦੀ ਉਸਾਰੀ ਹਿਤ ਜੱਦੋ-ਜਹਿਦ ਕਰਦਿਆਂ ਦਿੱਲੀ ਵਿਖੇ ਅਕਾਲ ਚਲਾਣਾ ਕਰ ਗਏ।

**6. 'ਪੀਪਲਜ਼ ਐਜੂਕੇਸ਼ਨਲ ਸੁਸਾਇਟੀ' ਨੇ ਵਿੱਦਿਆ ਦੇ ਖੇਤਰ ਵਿੱਚ ਕੀ ਯੋਗਦਾਨ ਪਾਇਆ?**

ੳ. ਸਕੂਲ ਖੋਲ੍ਹੇ

ਅ. ਕਾਲਜ ਖੋਲ੍ਹੇ

ੲ. ਹੋਸਟਲ ਖੋਲ੍ਹੇ

ਸ. ਉਪਰੋਕਤ ਸਾਰੇ।

**7. ਡਾ. ਭੀਮ ਰਾਓ ਅੰਬੇਦਕਰ ਵਿਧਾਨ ਪ੍ਰੀਸ਼ਦ ਮੁੰਬਈ ਦੇ ਮੈਂਬਰ ਕਦੋਂ ਚੁਣੇ ਗਏ?**

ੳ. 1950 ਵਿੱਚ

ਅ. 1956 ਵਿੱਚ

ੲ. 1927 ਵਿੱਚ

ਸ. ਉਪਰੋਕਤ ਵਿੱਚੋਂ ਕੋਈ ਨਹੀਂ।

**8. ਅਜ਼ਾਦ ਭਾਰਤ ਦੇ ਪਹਿਲੇ ਕਨੂੰਨ ਮੰਤਰੀ ਕਿਸ ਨੂੰ ਬਣਾਇਆ ਗਿਆ?**

ੳ. ਪੰਡਿਤ ਨਹਿਰੂ ਨੂੰ

ਅ. ਡਾ. ਭੀਮ ਰਾਓ ਅੰਬੇਦਕਰ ਨੂੰ

ੲ. ਮਹਾਤਮਾ ਗਾਂਧੀ ਨੂੰ

ਸ. ਉਪਰੋਕਤ ਵਿੱਚੋਂ ਕੋਈ ਨਹੀਂ ।

**9. ਡਾ. ਭੀਮ ਰਾਓ ਅੰਬੇਦਕਰ ਕਦੋਂ ਅਕਾਲ ਚਲਾਣਾ ਕਰ ਗਏ?**

ੳ. 1950 ਵਿੱਚ

ਅ. 1956 ਵਿੱਚ

ੲ. 1927 ਵਿੱਚ

ਸ. ਉਪਰੋਕਤ ਵਿੱਚੋਂ ਕੋਈ ਨਹੀਂ ।

**10. ਹਫ਼ਤਾਵਾਰ ਅਖ਼ਬਾਰ ਦਾ ਕੀ ਨਾਮ ਸੀ?**

ੳ. ਗੋਲ਼ਮੇਜ਼

ਅ. ਬਹਿਸ਼ਕ੍ਰਿਤ ਭਾਰਤ

ੲ. ਮੂਕ-ਨਾਇਕ

ਸ. ਅ ਅਤੇ ੲ ਦੋਵੇਂ।

## ਵਿਆਕਰਨ ਭਾਗ

**1. ਪੰਜਾਬੀ ਲਿਪੀ ਵਿੱਚ ਕੁੱਲ ਕਿੰਨੇ ਅੱਖਰ ਹਨ?**

ੳ. 35 ਅ. 36

ੲ. 41 ਸ. 42

**2. ਸ੍ਵਰ ਅੱਖਰ ਕਿਹੜੇ ਹੁੰਦੇ ਹਨ?**

ੳ. ਜਿਨ੍ਹਾਂ ਧੁਨੀਆਂ ਦੇ ਉਚਾਰਨ ਸਮੇਂ ਜ਼ਿਆਦਾ ਸਮਾਂ ਲੱਗਦਾ ਹੈ

ਅ. ਜਿਨ੍ਹਾਂ ਧੁਨੀਆਂ ਦੇ ਉਚਾਰਨ ਸਮੇਂ ਹਵਾ ਕਿਤੇ ਨਾ ਕਿਤੇ ਰੁਕ ਕੇ ਆਵੇ

ੲ. ਜਿਨ੍ਹਾਂ ਧੁਨੀਆਂ ਦੇ ਉਚਾਰਨ ਸਮੇਂ ਘੱਟ ਸਮਾਂ ਲੱਗਦਾ ਹੈ

ਸ. ਜਿਨ੍ਹਾਂ ਧੁਨੀਆਂ ਦੇ ਉਚਾਰਨ ਸਮੇਂ ਹਵਾ ਬਿਨਾਂ ਰੁਕੇ ਬਾਹਰ ਆਵੇ।

**3. ਹੇਠ ਲਿਖਿਆਂ ਵਿੱਚੋਂ ਸ੍ਵਰ ਅੱਖਰ ਕਿਹੜੇ ਹਨ?**

ੳ. ਅ ਅ. ੲ

ੲ. ੳ ਸ. ਉਪਰੋਕਤ ਸਾਰੇ।

**4. ਸ, ੲ, ਹ, ਕ ਵਿੱਚੋਂ ਸ੍ਵਰ ਅੱਖਰ ਚੁਣੋ?**

ੳ. ਸ ਅ. ੲ

ੲ. ਹ ਸ. ਕ।

**5. ਗੁਰਮੁਖੀ ਲਿਪੀ ਵਿੱਚ ਕਿੰਨੇ ਸ੍ਵਰ ਅੱਖਰ ਹਨ?**

ੳ. 1 ਅ. 2

ੲ. 3 ਸ. 4

**6. ਸ੍ਵਰ ਅੱਖਰ ਚੁਣੋ?**

ੳ. ਚ ਅ. ਟ

ੲ. ੲ ਸ. ਸ।

**7. ਸ੍ਵਰ ਧੁਨੀਆਂ ਕਿੰਨੀਆਂ ਹਨ?**

ੳ. 10 ਅ. 12

ੲ. 13 ਸ. 14

**8. ਪੰਜਾਬੀ ਧੁਨੀਆਂ ਨੂੰ ਕਿੰਨੇ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ?**

ੳ. ਸ੍ਵਰ ਅਤੇ ਵਿਅੰਜਨ ਅ. ਨਾਸਕੀ ਅਤੇ ਅਨੁਨਾਸਕੀ

ੲ. ਲਗਾਂ ਅਤੇ ਲਗਾਖਰ ਸ. ਦੁੱਤ ਅਤੇ ਵਿਅੰਜਨ।

**9. ਪੰਜਾਬੀ ਵਿੱਚ ਕਿੰਨੇ ਵਿਅੰਜਨ ਹਨ?**

ੳ. 36 ਅ. 35

ੲ. 38 ਸ. 41

**10. ਵਿਅੰਜਨ ਅੱਖਰ ਕਿਹੜੇ ਹੁੰਦੇ ਹਨ?**

ੳ. ਜਿਨ੍ਹਾਂ ਧੁਨੀਆਂ ਦੇ ਉਚਾਰਨ ਸਮੇਂ ਜ਼ਿਆਦਾ ਸਮਾਂ ਲੱਗਦਾ ਹੈ

ਅ. ਜਿਨ੍ਹਾਂ ਧੁਨੀਆਂ ਦੇ ਉਚਾਰਨ ਸਮੇਂ ਹਵਾ ਕਿਤੇ ਨਾ ਕਿਤੇ ਰੁਕ ਕੇ ਆਵੇ

ੲ. ਜਿਨ੍ਹਾਂ ਧੁਨੀਆਂ ਦੇ ਉਚਾਰਨ ਸਮੇਂ ਘੱਟ ਸਮਾਂ ਲੱਗਦਾ ਹੈ

ਸ. ਜਿਨ੍ਹਾਂ ਧੁਨੀਆਂ ਦੇ ਉਚਾਰਨ ਸਮੇਂ ਹਵਾ ਬਿਨਾਂ ਰੁਕੇ ਬਾਹਰ ਆਵੇ।

**11. ਅ, ੲ, ੳ, ਸ ਇਨ੍ਹਾਂ ਵਿੱਚੋਂ ਵਿਅੰਜਨ ਚੁਣੋ –**

ੳ. ਅ ਅ. ੲ

ੲ. ੳ ਸ. ਸ।

**12. ਅਨੁਨਾਸਕੀ ਵਿਅੰਜਨ ਧੁਨੀਆਂ ਕਿਹੜੀਆਂ ਹੁੰਦੀਆਂ ਹਨ?**

ੳ. ਉਚਾਰਨ ਸਮੇਂ ਜਿਨ੍ਹਾਂ ਦੀ ਅਵਾਜ਼ ਨੱਕ ਵਿੱਚੋਂ ਆਵੇ

ਅ. ਬੋਲਣ ਸਮੇਂ ਉਚਾਰਨ ਅੰਗ ਥੋੜ੍ਹੀ-ਬਹੁਤ ਰੁਕਾਵਟ ਪੈਦਾ ਕਰਨ

ੲ. ਉਚਾਰਨ ਸਮੇਂ ਜਿਨ੍ਹਾਂ ਦੀ ਅਵਾਜ਼ ਬਿਨਾਂ ਰੁਕੇ ਬਾਹਰ ਨਿਕਲ਼ਦੀ ਹੋਵੇ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

**13.ਗੁਰਮੁਖੀ ਲਿਪੀ ਵਿੱਚ ਅਨੁਨਾਸਕੀ ਵਿਅੰਜਨ ਕਿੰਨੇ ਹਨ?**

ੳ. 5 ਅ. 6
ੲ. 7 ਸ. 8

**14.ਣ, ਨ, ਮ ਕਿਹੜੀਆਂ ਧੁਨੀਆਂ ਹਨ?**

ੳ. ਵਿਅੰਜਨ ਅ. ਸ੍ਵਰ
ੲ. ਅਨੁਨਾਸਕੀ ਸ. ਉਪਰੋਕਤ ਵਿੱਚੋਂ ਕੋਈ ਨਹੀਂ।

**15.ਹ, ਰ, ਵ ਕੀ ਹਨ?**

ੳ. ਵਿਅੰਜਨ ਅ. ਸ੍ਵਰ
ੲ. ਅਨੁਨਾਸਕੀ ਸ. ਦੁੱਤ ਅੱਖਰ।

**16.ਦੁੱਤ ਅੱਖਰ ਕਿਹੜੇ ਹੁੰਦੇ ਹਨ?**

ੳ. ਜਿਹੜੇ ਅੱਖਰ ਦੂਜੇ ਅੱਖਰ ਦੇ ਸਾਹਮਣੇ ਆਉਣ
ਅ. ਜਿਹੜੇ ਅੱਖਰ ਦੂਜੇ ਅੱਖਰਾਂ ਦੇ ਪਿੱਛੇ ਆਉਣ
ੲ. ਜਿਹੜੇ ਅੱਖਰ ਦੂਜੇ ਅੱਖਰਾਂ ਦੇ ਪੈਰ ਵਿੱਚ ਪੈਣ
ਸ. ਜਿਹੜੇ ਅੱਖਰ ਦੂਜੇ ਅੱਖਰਾਂ ਦੇ ਉੱਪਰ ਆਉਣ।

**17.ਗੁਰਮੁਖੀ ਲਿਪੀ ਵਿੱਚ ਕਿੰਨੇ ਦੁੱਤ ਅੱਖਰ ਹਨ?**

ੳ. 1 ਅ. 2
ੲ. 3 ਸ. 4.

**18.ਹੇਠ ਲਿਖਿਆਂ ਵਿੱਚੋਂ ਦੁੱਤ ਅੱਖਰ ਚੁਣੋ-**

ੳ. ਕ ਅ. ਚ
ੲ. ਛ ਸ. ਵ।

**19.ਗੁਰਮੁਖੀ ਲਿਪੀ ਵਿੱਚ ਕਿੰਨੀਆਂ ਲਗਾਂ ਹਨ?**

ੳ. 10 ਅ. 11
ੲ. 12 ਸ. 13.

**20.'ੳ' ਨਾ.ਲ ਕਿਹੜੀਆਂ-ਕਿਹੜੀਆਂ ਲਗਾਂ ਲੱਗਦੀਆਂ ਹਨ?**

ੳ. ਕੰਨਾ, ਮੁਕਤਾ, ਔਂਕੜ ਅ. ਔਂਕੜ, ਦੂਲੈਂਕੜ, ਹੋੜਾ
ੲ. ਮੁਕਤਾ, ਕਨੌੜਾ, ਲਾਂ ਸ. ਦੁਲਾਵਾਂ, ਲਾਂ, ਕਨੌੜਾ।

**21.'ਅ' ਨਾ.ਲ ਕਿਹੜੀਆਂ-ਕਿਹੜੀਆਂ ਲਗਾਂ ਲੱਗਦੀਆਂ ਹਨ?**

ੳ. ਕੰਨਾ, ਮੁਕਤਾ, ਔਂਕੜ ਅ. ਔਂਕੜ, ਦੂਲੈਂਕੜ, ਹੋੜਾ
ੲ. ਮੁਕਤਾ, ਕੰਨਾ, ਕਨੌੜਾ, ਦੁਲਾਵਾਂ ਸ. ਦੁਲਾਵਾਂ, ਲਾਂ, ਕਨੌੜਾ।

**22.'ੲ' ਨਾ.ਲ ਕਿਹੜੀਆਂ-ਕਿਹੜੀਆਂ ਲਗਾਂ ਲੱਗਦੀਆਂ ਹਨ?**

ੳ. ਕੰਨਾ, ਮੁਕਤਾ, ਔਂਕੜ ਅ. ਔਂਕੜ, ਦੂਲੈਂਕੜ, ਹੋੜਾ
ੲ. ਮੁਕਤਾ, ਕਨੌੜਾ, ਲਾਂ ਸ. ਸਿਹਾਰੀ, ਬਿਹਾਰੀ, ਲਾਂ।

**23.( ਿ ) ਚਿੰਨ੍ਹ ਕਿਹੜਾ ਹੈ?**

ੳ. ਸਿਹਾਰੀ ਅ. ਬਿਹਾਰੀ
ੲ. ਲਾਂ ਸ. ਮੁਕਤਾ।

**24.( ੈ ) ਚਿੰਨ੍ਹ ਕਿਹੜਾ ਹੈ?**

ੳ. ਸਿਹਾਰੀ ਅ. ਬਿਹਾਰੀ
ੲ. ਦੁਲਾਵਾਂ ਸ. ਮੁਕਤਾ।

**25. ਬਿੰਦੀ, ਟਿੱਪੀ ਅਤੇ ਅਧਕ ਵਿੱਚੋਂ ਲਗਾਖਰ ਕਿਹੜਾ ਹੈ?**

ੳ. ਬਿੰਦੀ
ਅ. ਟਿੱਪੀ
ੲ. ਅਧਕ
ਸ. ੳੁਪਰੋਕਤ ਸਾਰੇ।

**26. ਪੰਜਾਬੀ ਲਗਾਖਰ ਕਿਹੜੇ-ਕਿਹੜੇ ਹਨ?**

ੳ. ਬਿੰਦੀ, ਟਿੱਪੀ, ਅਧਕ
ਅ. ੳ, ਅ, ੲ
ੲ. ਹ, ਰ, ਵ
ਸ. ਸਿਹਾਰੀ, ਬਿਹਾਰੀ, ਮੁਕਤਾ।

**27. ਬਿੰਦੀ ਕਿਹੜੀ-ਕਿਹੜੀ ਲਗ ਨਾਲ਼ ਲੱਗਦੀ ਹੈ?**

ੳ. ਕੰਨਾ, ਬਿਹਾਰੀ
ਅ. ਹੋੜਾ ਅਤੇ ਕਨੌੜਾ
ੲ. ਲਾਂ, ਦੁਲਾਵਾਂ
ਸ. ੳੁਪਰੋਕਤ ਸਾਰੇ।

**28. ਟਿੱਪੀ ਕਿਹੜੀ-ਕਿਹੜੀ ਲਗ ਨਾਲ਼ ਲੱਗਦੀ ਹੈ?**

ੳ. ਮੁਕਤਾ ਅਤੇ ਸਿਹਾਰੀ
ਅ. ਔਂਕੜ ਅਤੇ ਦੁਲੈਂਕੜ ਨਾਲ਼
ੲ. ਲਾਂ, ਦੁਲਾਵਾਂ
ਸ. ੳ ਅਤੇ ਅ ਨਾਲ਼।

**29. ਅਧਕ ਕਿਹੜੀ-ਕਿਹੜੀ ਲਗ ਨਾਲ਼ ਲੱਗਦੀ ਹੈ?**

ੳ. ਮੁਕਤਾ
ਅ. ਸਿਹਾਰੀ
ੲ. ਔਂਕੜ
ਸ. ੳੁਪਰੋਕਤ ਸਾਰੇ।

**30. ਬਿੰਦੀ ਕਿੰਨੀਆਂ ਲਗਾਂ ਨਾਲ਼ ਲੱਗਦੀ ਹੈ?**

ੳ. 3
ਅ. 4
ੲ. 5
ਸ. 6

**31. ਟਿੱਪੀ ਕਿੰਨੀਆਂ ਲਗਾਂ ਨਾਲ਼ ਲੱਗਦੀ ਹੈ?**

ੳ. 3
ਅ. 4
ੲ. 5
ਸ. 6

**32. ਅਧਕ ਕਿੰਨੀਆਂ ਲਗਾਂ ਨਾਲ਼ ਲੱਗਦੀ ਹੈ?**

ੳ. 3
ਅ. 4
ੲ. 5
ਸ. 6

**33. ਨਾਂਵ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ?**

ੳ. 3
ਅ. 4
ੲ. 5
ਸ. 6

**34. ਕਿਸੇ ਥਾਂ, ਵਸਤੂ, ਵਿਅਕਤੀ ਦੇ ਨਾਂ ਦਾ ਬੋਧ ਕਰਵਾਉਣ ਵਾਲ਼ੇ ਸ਼ਬਦ ਨੂੰ ਕੀ ਕਿਹਾ ਜਾਂਦਾ ਹੈ?**

ੳ. ਪੜਨਾਂਵ
ਅ. ਨਾਂਵ
ੲ. ਕਿਰਿਆ
ਸ. ਵਿਸ਼ੇਸ਼ਣ।

**35. 'ਮੈਂ ਕੱਲ੍ਹ ਸ਼ਿਮਲਾ ਗਿਆ।' ਵਿੱਚੋਂ ਨਾਂਵ ਚੁਣੋ।**

ੳ. ਮੈਂ
ਅ. ਕੱਲ੍ਹ
ੲ. ਸ਼ਿਮਲਾ
ਸ. ਗਿਆ।

**36. 'ਮੇਰਾ ਭਾਰਤ ਮਹਾਨ ਦੇਸ ਹੈ।' ਵਿੱਚੋਂ ਖ਼ਾਸ ਨਾਂਵ ਚੁਣੋ।**

ੳ. ਮੇਰਾ
ਅ. ਭਾਰਤ
ੲ. ਮਹਾਨ
ਸ. ਦੇਸ।

**37. 'ਮਹਾਤਮਾ ਗਾਂਧੀ ਜੀ ਦਾ ਜਨਮ ਗੁਜਰਾਤ ਦੇ ਪੋਰਬੰਦਰ ਵਿੱਚ ਹੋਇਆ।' ਵਿੱਚੋਂ ਖ਼ਾਸ ਨਾਂਵ ਚੁਣੋ।**

ੳ. ਗਾਂਧੀ
ਅ. ਗੁਜਰਾਤ
ੲ. ਪੋਰਬੰਦਰ
ਸ. ੳੁਪਰੋਕਤ ਸਾਰੇ।

**38. 'ਰਾਮ ਹਰ ਰੋਜ਼ ਸਕੂਲ ਜਾਂਦਾ ਹੈ।' ਵਿੱਚੋਂ ਨਾਂਵ ਸ਼ਬਦ ਚੁਣੋ।**

ੳ. ਰਾਮ
ਅ. ਸਕੂਲ
ੲ. ੳ ਅਤੇ ਅ ਦੋਵੇਂ
ਸ. ੳੁਪਰੋਕਤ ਵਿੱਚੋਂ ਕੋਈ ਨਹੀਂ।

**39. ਪੜਨਾਂਵ ਕਿੰਨੀ ਕਿਸਮ ਦੇ ਹੁੰਦੇ ਹਨ?**

ੳ. 4 ਅ. 5

ੲ. 6 ਸ. 7.

**40. ਜੋ ਸ਼ਬਦ ਨਾਂ ਦੀ ਥਾਂ ਵਰਤਿਆ ਜਾਵੇ, ਉਸ ਨੂੰ ਕੀ ਆਖਦੇ ਹਨ?**

ੳ. ਵਿਸ਼ੇਸ਼ਣ ਅ. ਕਿਰਿਆ

ੲ. ਨਾਂਵ ਸ. ਪੜਨਾਂਵ।

**41. 'ਮੈਂ ਅਤੇ ਰਾਮ ਦੋਵੇਂ ਦੋਸਤ ਹਾਂ।' ਵਾਕ ਵਿੱਚੋਂ ਪੜਨਾਂਵ ਚੁਣੋ।**

ੳ. ਮੈਂ ਅ. ਰਾਮ

ੲ. ਦੋਵੇਂ ਸ. ਦੋਸਤ।

**42. 'ਕੌਣ ਸੌਂ ਰਿਹਾ ਹੈ?' ਵਾਕ 'ਚ ਪੜਨਾਂਵ ਚੁਣੋ।**

ੳ. ਕੌਣ ਅ. ਸੌਂ

ੲ. ਰਿਹਾ ਸ. ਹੈ।

**43. ਗੱਲ ਕਰਨ ਵਾਲ਼ਾ ਪੁਰਖ .................. ਹੁੰਦਾ ਹੈ।**

ੳ. ਉੱਤਮ ਪੁਰਖ ਜਾਂ ਪਹਿਲਾ ਪੁਰਖ ਅ. ਮੱਧਮ ਪੁਰਖ ਜਾਂ ਦੂਜਾ ਪੁਰਖ

ੲ. ਅਨਯ ਪੁਰਖ ਜਾਂ ਤੀਜਾ ਪੁਰਖ ਸ. ਉਪਰੋਕਤ ਵਿੱਚੋਂ ਕੋਈ ਨਹੀਂ।

**44. 'ਮੈਂ ਜਾ ਰਿਹਾ ਹਾਂ।' ਵਾਕ ਵਿੱਚ 'ਮੈਂ' ਕਿਹੜਾ ਪੁਰਖ ਹੈ?**

ੳ. ਉੱਤਮ ਪੁਰਖ ਅ. ਮੱਧਮ ਪੁਰਖ

ੲ. ਅਨਯ ਪੁਰਖ ਸ. ਉਪਰੋਕਤ ਵਿੱਚੋਂ ਕੋਈ ਨਹੀਂ।

**45. ਹੇਠ ਲਿਖਿਆਂ ਵਿੱਚੋਂ ਪੜਨਾਂਵ ਚੁਣੋ –**

ੳ. ਮਿਰਚ ਅ. ਆਪ

ੲ. ਫੁੱਲ ਸ. ਦਿੱਲੀ।

**46. 'ਆਪ' ਪੜਨਾਂਵ ਦੀ ਕਿਹੜੀ ਕਿਸਮ ਹੈ?**

ੳ. ਪੁਰਖ-ਵਾਚਕ ਅ. ਸੰਬੰਧ-ਵਾਚਕ

ੲ. ਨਿੱਜ-ਵਾਚਕ ਸ. ਪ੍ਰਸ਼ਨ-ਵਾਚਕ।

**47. ਤੁਹਾਡੇ ਪਿਤਾ ਜੀ ਕੀ ਕੰਮ ਕਰਦੇ ਹਨ? ਵਾਕ ਵਿੱਚੋਂ ਪੜਨਾਂਵ ਸ਼ਬਦ ਚੁਣੋ।**

ੳ. ਤੁਹਾਡੇ ਅ. ਪਿਤਾ

ੲ. ਕੰਮ ਸ. ਕਰਦੇ।

**48. ਜਿਹੜਾ ਸ਼ਬਦ ਕਿਸੇ ਪੁਰਖ ਦੀ ਥਾਂ 'ਤੇ ਵਰਤਿਆ ਜਾਵੇ, ਉਸ ਨੂੰ ਕੀ ਕਹਿੰਦੇ ਹਨ?**

ੳ. ਪੁਰਖ-ਵਾਚਕ ਪੜਨਾਂਵ ਅ. ਸੰਬੰਧ-ਵਾਚਕ ਪੜਨਾਂਵ

ੲ. ਨਿਸਚੇ-ਵਾਚਕ ਪੜਨਾਂਵ ਸ. ਪ੍ਰਸ਼ਨ-ਵਾਚਕ ਪੜਨਾਂਵ।

**49. ਪੁਰਖ-ਵਾਚਕ ਪੜਨਾਂਵ ਚੁਣੋ –**

ੳ. ਕਿਹੜਾ ਅ. ਮੈਂ

ੲ. ਕੌਣ ਸ. ਕਿਸ।

**50. 'ਮੈਂ' ਸ਼ਬਦ ਕਿਸ ਪ੍ਰਕਾਰ ਦਾ ਪੁਰਖ-ਵਾਚਕ ਪੜਨਾਂਵ ਹੈ?**

ੳ. ਅਨਯ ਪੁਰਖ ਅ. ਮੱਧਮ ਪੁਰਖ

ੲ. ਉੱਤਮ ਪੁਰਖ ਸ. ਉਪਰੋਕਤ ਵਿੱਚੋਂ ਕੋਈ ਨਹੀਂ।

**51. 'ਤੂੰ' ਕਿਸ ਪ੍ਰਕਾਰ ਦਾ ਪੁਰਖ-ਵਾਚਕ ਪੜਨਾਂਵ ਹੈ?**

ੳ. ਉੱਤਮ ਪੁਰਖ ਅ. ਮੱਧਮ ਪੁਰਖ

ੲ. ਅਨਯ ਪੁਰਖ ਸ. ਉਪਰੋਕਤ ਵਿੱਚੋਂ ਕੋਈ ਨਹੀਂ।

**52. ਅਨਯ ਪੁਰਖ ਚੁਣੋ –**

ੳ. ਮੈਂ ਅ. ਉਹ

ੲ. ਤੂੰ ਸ. ਸਾਡਾ।

**53. ਕੰਮ ਦਾ ਹੋਣਾ ਜਾਂ ਕਰਨਾ ਕਾਲ ਸਮੇਤ ਪ੍ਰਗਟ ਕਰਨ ਵਾਲ਼ੇ ਸ਼ਬਦ ਨੂੰ ਕੀ ਕਿਹਾ ਜਾਂਦਾ ਹੈ?**

ੳ. ਕਰਮ | ਅ. ਕਿਰਿਆ
ੲ. ਕਰਤਾ | ਸ. ਨਾਂਵ।

**54. ਕਿਰਿਆ ਨੂੰ ਕਿੰਨੇ ਭਾਗਾਂ ਵਿੱਚ ਵੰਡਿਆ ਜਾਂਦਾ ਹੈ?**

ੳ. 1 | ਅ. 2
ੲ. 3 | ਸ. 4.

**55. ਪੜ੍ਹਨਾ/ਲਿਖਣਾ/ਹੱਸਣਾ/ਰੋਣਾ/ਖੇਡਣਾ ਕੀ ਹੈ?**

ੳ. ਕਰਮ | ਅ. ਕਿਰਿਆ
ੲ. ਕਰਤਾ | ਸ. ਨਾਂਵ।

**56. ਵਾਕ ਵਿੱਚ ਜੋ ਕੰਮ ਕਰਦਾ ਹੈ, ਉਸ ਨੂੰ ਕੀ ਕਹਿੰਦੇ ਹਨ?**

ੳ. ਕਿਰਿਆ | ਅ. ਕਰਤਾ
ੲ. ਕਰਮ | ਸ. ਯੋਜਕ।

**57. 'ਮਾਤਾ ਜੀ ਰੋਟੀ ਬਣਾਉਂਦੇ ਹਨ।' ਵਾਕ ਵਿੱਚ ਕਰਤਾ ਕੌਣ ਹੈ?**

ੳ. ਮਾਤਾ ਜੀ | ਅ. ਰੋਟੀ
ੲ. ਬਣਾਉਂਦੇ | ਸ. ਹਨ।

**58. ਜਿਸ ਵਾਕ ਵਿੱਚ ਕਿਰਿਆ ਦਾ ਕਰਤਾ ਤਾਂ ਹੋਵੇ ਪਰ ਕਰਮ ਨਾ ਹੋਵੇ, ਉਸ ਨੂੰ ਕੀ ਕਹਿੰਦੇ ਹਨ?**

ੳ. ਅਕਰਮਕ ਕਿਰਿਆ | ਅ. ਸਕਰਮਕ ਕਿਰਿਆ
ੲ. ਕਿਰਿਆ | ਸ. ਕਰਤਾ ਕਿਰਿਆ।

**59. ਜਿਹੜੇ ਵਾਕ ਵਿੱਚ ਕਿਰਿਆ ਦਾ ਕਰਤਾ ਤੇ ਕਰਮ ਦੋਵੇਂ ਹੋਣ, ਉਸ ਨੂੰ ਕੀ ਕਹਿੰਦੇ ਹਨ?**

ੳ. ਸਕਰਮਕ ਕਿਰਿਆ | ਅ. ਕਿਰਿਆ
ੲ. ਅਕਰਮਕ ਕਿਰਿਆ | ਸ. ਕਰਤਾ ਕਿਰਿਆ।

**60. 'ਵਰਖਾ ਪੈ ਰਹੀ ਹੈ।' ਵਾਕ ਵਿੱਚ 'ਵਰਖਾ' ਕੀ ਹੈ?**

ੳ. ਕਰਮ | ਅ. ਕਰਤਾ
ੲ. ਨਾਂਵ | ਸ. ਕਿਰਿਆ।

**61. 'ਚਪੜਾਸੀ ਨੇ ਘੰਟੀ ਵਜਾਈ।' ਵਾਕ ਵਿੱਚ ਕਿਰਿਆ ਕਿਹੜੀ ਹੈ?**

ੳ. ਚਪੜਾਸੀ | ਅ. ਘੰਟੀ
ੲ. ਨੇ | ਸ. ਵਜਾਈ।

**62. 'ਬੱਚੇ ਫ਼ੁਟਬਾਲ ਖੇਡ ਰਹੇ ਹਨ।' ਵਾਕ ਵਿੱਚ ਫ਼ੁਟਬਾਲ ਕੀ ਹੈ?**

ੳ. ਕਰਤਾ | ਅ. ਕਰਮ
ੲ. ਕਿਰਿਆ | ਸ. ਨਾਂਵ।

**63. ਕਾਲ ਕੀ ਹੁੰਦਾ ਹੈ?**

ੳ. ਕਲਯੁੱਗ | ਅ. ਕਿਰਿਆ
ੲ. ਸਮਾਂ | ਸ. ਕਰਮ।

**64. ਕਾਲ ਕਿੰਨੇ ਪ੍ਰਕਾਰ ਦਾ ਹੁੰਦਾ ਹੈ?**

ੳ. ਦੋ | ਅ. ਤਿੰਨ
ੲ. ਪੰਜ | ਸ. ਅੱਠ।

**65. ਭੂਤਕਾਲ ਕਿਸ ਨੂੰ ਕਹਿੰਦੇ ਹਨ?**

ੳ. ਸਮੇਂ ਨੂੰ | ਅ. ਬੀਤ ਚੁੱਕੇ ਸਮੇਂ ਨੂੰ
ੲ. ਆਉਣ ਵਾਲ਼ੇ ਸਮੇਂ ਨੂੰ | ਸ. ਚੱਲ ਰਹੇ ਸਮੇਂ ਨੂੰ।

**66. 'ਸਾਡੀ ਟੀਮ ਦਾ ਮੈਚ ਹੋਵੇਗਾ।' ਕਿਹੜਾ ਕਾਲ ਹੈ?**

ੳ. ਭੂਤਕਾਲ | ਅ. ਭਵਿੱਖਤ ਕਾਲ
ੲ. ਵਰਤਮਾਨ ਕਾਲ | ਸ. ਉਪਰੋਕਤ ਵਿੱਚੋਂ ਕੋਈ ਨਹੀਂ।

**67. ਵਰਤਮਾਨ ਕਾਲ ਕਿਸ ਨੂੰ ਕਹਿੰਦੇ ਹਨ?**

ੳ. ਬੀਤ ਚੁੱਕੇ ਸਮੇਂ ਨੂੰ
ਅ. ਆਉਣ ਵਾਲ਼ੇ ਸਮੇਂ ਨੂੰ
ੲ. ਚੱਲ ਰਹੇ ਸਮੇਂ ਨੂੰ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

**68. 'ਮੈਂ ਪਾਠ ਪੜ੍ਹ ਰਿਹਾ ਹਾਂ।' ਇਹ ਵਾਕ ਕਿਸ ਕਾਲ ਵਿੱਚ ਹੈ?**

ੳ. ਵਰਤਮਾਨ ਕਾਲ
ਅ. ਭਵਿੱਖਤ ਕਾਲ
ੲ. ਭੂਤਕਾਲ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

**69. ਭਵਿੱਖਤ ਕਾਲ ਕਿਸ ਨੂੰ ਕਹਿੰਦੇ ਹਨ?**

ੳ. ਬੀਤ ਚੁੱਕੇ ਸਮੇਂ ਨੂੰ
ਅ. ਚੱਲ ਰਹੇ ਸਮੇਂ ਨੂੰ
ੲ. ਆਉਣ ਵਾਲ਼ੇ ਸਮੇਂ ਨੂੰ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

**70. 'ਮਨਪ੍ਰੀਤ ਪਾਠ ਪੜ੍ਹੇਗੀ।' ਵਾਕ ਕਿਸ ਕਾਲ ਨੂੰ ਦਰਸਾਉਂਦਾ ਹੈ?**

ੳ. ਬੀਤ ਚੁੱਕੇ ਸਮੇਂ ਨੂੰ
ਅ. ਆਉਣ ਵਾਲ਼ੇ ਸਮੇਂ ਨੂੰ
ੲ. ਚੱਲ ਰਹੇ ਸਮੇਂ ਨੂੰ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

**71. ਜਿਹੜਾ ਸ਼ਬਦ ਨਾਂਵ ਜਾਂ ਪੜਨਾਂਵ ਦੀ ਵਿਸ਼ੇਸ਼ਤਾ ਦੱਸੇ, ਉਸ ਨੂੰ ......... ਆਖਦੇ ਹਨ।**

ੳ. ਨਾਂਵ
ਅ. ਪੜਨਾਂਵ
ੲ. ਵਿਸ਼ੇਸ਼ਣ
ਸ. ਕਿਰਿਆ ਵਿਸ਼ੇਸ਼ਣ।

**72. ਵਿਸ਼ੇਸ਼ਣ ਦੀਆਂ ਕਿੰਨੀਆਂ ਕਿਸਮਾਂ ਹਨ?**

ੳ. 5
ਅ. 6
ੲ. 7
ਸ. 8.

**73. 'ਕੀੜੀ ਬਹੁਤ ਦਿਲਚਸਪ ਕਵਿਤਾ ਹੈ।' ਵਾਕ ਵਿੱਚੋਂ ਵਿਸ਼ੇਸ਼ਣ ਚੁਣੋ।**

ੳ. ਕੀੜੀ
ਅ. ਬਹੁਤ
ੲ. ਦਿਲਚਸਪ
ਸ. ਕਵਿਤਾ।

**74. 'ਵੀਰ ਮੇਰਾ ਲੰਮਾ, ਭਾਬੋ ਮੇਰੀ ਪਤਲੀ।' ਵਾਕ ਵਿੱਚੋਂ ਵਿਸ਼ੇਸ਼ਣ ਚੁਣੋ।**

ੳ. ਲੰਮਾ
ਅ. ਪਤਲੀ
ੲ. ੳ ਅਤੇ ਅ ਦੋਵੇਂ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

**75. 'ਇਹ ਹਰਮਨ-ਪਿਆਰੀ ਖੇਡ ਹੈ।' ਵਾਕ ਵਿੱਚੋਂ ਵਿਸ਼ੇਸ਼ਣ ਚੁਣੋ।**

ੳ. ਇਹ
ਅ. ਹਰਮਨ-ਪਿਆਰੀ
ੲ. ਖੇਡ
ਸ. ਹੈ।

**76. 'ਉੱਚਾ' ਦਾ ਵਿਰੋਧੀ ਸ਼ਬਦ ਕਿਹੜਾ ਹੈ?**

ੳ. ਛੇਤੀ
ਅ. ਝਬਦੇ
ੲ. ਹੌਲ਼ੀ
ਸ. ਨੀਵਾਂ।

**77. 'ਏਕਤਾ' ਦਾ ਵਿਰੋਧੀ ਸ਼ਬਦ ਕਿਹੜਾ ਹੈ?**

ੳ. ਫੁੱਟ
ਅ. ਅਨੇਕਤਾ
ੲ. ਰੌਲ਼ਾ
ਸ. ਲੜਾਈ।

**78. 'ਹੱਸਣਾ' ਦਾ ਵਿਰੋਧੀ ਸ਼ਬਦ ਕਿਹੜਾ ਹੈ?**

ੳ. ਖ਼ੁਸ਼ ਹੋਣਾ
ਅ. ਲੜਨਾ
ੲ. ਰੋਣਾ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

**79. 'ਉੱਦਮੀ' ਸ਼ਬਦ ਦਾ ਵਿਰੋਧੀ ਸ਼ਬਦ ਚੁਣੋ?**

ੳ. ਅਸਲੀ
ਅ. ਆਲ਼ਸੀ
ੲ. ਖ਼ਾਸ
ਸ. ਨੀਵਾਂ।

**80. 'ਸਿੱਧਾ' ਸ਼ਬਦ ਦਾ ਵਿਰੋਧੀ ਸ਼ਬਦ ਚੁਣੋ?**

ੳ. ਪੁੱਠਾ
ਅ. ਗਿੱਲਾ
ੲ. ਗ਼ਲਤ
ਸ. ਗੁਪਤ।

**81.'ਅਨੋਖਾ' ਸ਼ਬਦ ਦਾ ਵਿਰੋਧੀ ਸ਼ਬਦ ਚੁਣੋ?**

ੳ. ਸੁਜਾਖਾ
ਅ. ਸਧਾਰਨ
ੲ. ਸੁਸਤ
ਸ. ਸਿਆਣਾ।

**82.ਨਿੱਕਾ ਘਨੱਈਆ ਸੋਧਰਾ ਵਿੱਚ ਰਹਿੰਦਾ ਸੀ। 'ਨਿੱਕਾ' ਦਾ ਵਿਰੋਧੀ ਸ਼ਬਦ ............. ਹੈ?**

ੳ. ਛੋਟਾ
ਅ. ਵੱਡਾ
ੲ. ਨਿੱਕੇ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

**83.'ਲੜਕੇ ਪੜ੍ਹਦੇ ਹਨ।' ਵਾਕ ਵਿੱਚ ਲੜਕੇ ਸ਼ਬਦ .............. ਹੈ?**

ੳ. ਇੱਕ ਵਚਨ
ਅ. ਬਹੁ ਵਚਨ
ੲ. ੳ ਅਤੇ ਅ ਦੋਵੇਂ ਸਹੀ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

**84.'ਰਾਮ ਖੇਡ ਰਿਹਾ ਹੈ।' ਵਾਕ ਵਿੱਚ ਉਦੇਸ਼ ਚੁਣੋ।**

ੳ. ਰਾਮ
ਅ. ਖੇਡ ਰਿਹਾ ਹੈ
ੲ. ੳ ਅਤੇ ਅ ਦੋਵੇਂ ਸਹੀ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

**85.ਉਹ ਥਾਂ ਜਿੱਥੇ ਪਹਿਲਵਾਨ ਘੋਲ਼ ਕਰਦੇ ਹਨ, ਨੂੰ ........ ਕਹਿੰਦੇ ਹਨ।**

ੳ. ਸ਼ਾਮਲਾਟ
ਅ. ਅਖਾੜਾ
ੲ. ਚੁਰਸਤਾ
ਸ. ਤ੍ਰਿੰਵਣ।

**86.ਉਹ ਅਖ਼ਬਾਰ ਜੋ ਹਫ਼ਤੇ ਬਾਅਦ ਨਿਕਲ਼ੇ, ਉਸ ਨੂੰ ............ ਕਹਿੰਦੇ ਹਨ।**

ੳ. ਸਪਤਾਹਿਕ
ਅ. ਮਾਸਿਕ
ੲ. ਸਾਲਾਨਾ
ਸ. ਤ੍ਰੈਮਾਸਿਕ।

**87.ਉਹ ਥਾਂ ਜਿੱਥੇ ਘੋੜੇ ਬੱਝਦੇ ਹੋਣ, ਨੂੰ ........ ਕਿਹਾ ਜਾਂਦਾ ਹੈ।**

ੳ. ਸ਼ਾਮਲਾਟ
ਅ. ਟਕਸਾਲ
ੲ. ਤਬੇਲਾ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

**88.'ਆਗਿਆਕਾਰੀ' ਦਾ ਅਰਥ ਹੈ –**

ੳ. ਆਗਿਆ ਦਾ ਪਾਲਣ ਕਰਨ ਵਾਲ਼ਾ
ਅ. ਆਪਣਾ ਉੱਲੂ ਸਿੱਧਾ ਕਰਨ ਵਾਲ਼ਾ
ੲ. ਆਪਣੀ ਮਰਜ਼ੀ ਕਰਨ ਵਾਲ਼ਾ
ਸ. ਆਗਿਆ ਦਾ ਪਾਲਣ ਨਾ ਕਰਨ ਵਾਲ਼ਾ।

**89.'ਉੱਲੂ ਸਿੱਧਾ ਕਰਨਾ' ਮੁਹਾਵਰੇ ਦਾ ਕੀ ਅਰਥ ਹੈ?**

ੳ. ਨਿਰਾਦਰ ਕਰਨਾ
ਅ. ਚਲਾਕੀ ਕਰਨਾ
ੲ. ਮਤਲਬ ਕੱਢਣਾ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

**90.ਬਹੁਤ ਥੋੜ੍ਹੇ ਫ਼ਰਕ ਨੂੰ ਦੱਸਣ ਲਈ ਕਿਹੜੇ ਮੁਹਾਵਰੇ ਦੀ ਵਰਤੋਂ ਕਰ ਸਕਦੇ ਹਾਂ?**

ੳ. ਉੱਚਾ-ਨੀਵਾਂ ਬੋਲਣਾ
ਅ. ਉੱਸਲ਼ਵੱਟੇ ਭੰਨਣਾ
ੲ. ਉੱਨੀ-ਇੱਕੀ ਦਾ ਫ਼ਰਕ ਹੋਣਾ
ਸ. ਉੱਲੂ ਬੋਲਣੇ।

**91.'ਉਸਤਾਦੀ ਕਰਨਾ' ਮੁਹਾਵਰੇ ਦਾ ਕੀ ਅਰਥ ਹੈ?**

ੳ. ਨਿਰਾਦਰ ਕਰਨਾ
ਅ. ਚਲਾਕੀ ਕਰਨਾ
ੲ. ਮਤਲਬ ਕੱਢਣਾ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

**92.'ਅੱਖਾਂ ਵਿੱਚ ਰੜਕਣਾ' ਦਾ ਅਰਥ ਹੈ –**

ੳ. ਆਦਰ ਕਰਨਾ
ਅ. ਬੁਰਾ ਲੱਗਣਾ
ੲ. ਮਰ ਜਾਣਾ
ਸ. ਇਨਕਾਰ ਕਰਨਾ।

**93.'ਅੱਖਾਂ ਮੀਟ ਜਾਣਾ' ਮੁਹਾਵਰੇ ਦਾ ਅਰਥ ਲਿਖੋ।**

ੳ. ਦੋਸਤੀ ਛੱਡ ਦੇਣੀ
ਅ. ਸਤਿਕਾਰ ਕਰਨਾ
ੲ. ਪਤਾ ਨਾ ਲੱਗਣਾ
ਸ. ਮਰ ਜਾਣਾ।

**94.'ਅੰਗੂਠਾ ਦਿਖਾਉਣਾ' ਮੁਹਾਵਰੇ ਦਾ ਕੀ ਅਰਥ ਹੈ?**

ੳ. ਤਬਾਹੀ ਮਚਾਉਣੀ
ਅ. ਹਾਰ ਮੰਨਣੀ
ੲ. ਇਨਕਾਰ ਕਰਨਾ
ਸ. ਡਰ ਜਾਣਾ।

**95. 'ਅਕਲ ਦਾ ਵੈਰੀ' ਮੁਹਾਵਰੇ ਦਾ ਅਰਥ ਲਿਖੋ।**

ੳ. ਸਿਆਣਾ ਅ. ਚਲਾਕ

ੲ. ਮੂਰਖ ਸ. ਗੁਣਵਾਨ।

**96. 'ਪਤਾ ਨਾ ਲੱਗਣਾ' ਅਰਥ ਨੂੰ ਦਰਸਾਉਂਦਾ ਢੁਕਵਾਂ ਮੁਹਾਵਰਾ ਚੁਣੋ।**

ੳ. ਉੱਘ-ਸੁੱਘ ਨਾ ਮਿਲ਼ਨਾ ਅ. ਥਾਂ ਟਿਕਾਣਾ ਨਾ ਮਿਲ਼ਨਾ

ੲ. ਉੱਘ-ਸੁੱਘ ਮਿਲ਼ਨਾ ਸ. ਉਪਰੋਕਤ ਵਿੱਚੋਂ ਕੋਈ ਨਹੀਂ।

**97. 'ਦੋਸਤੀ ਛੱਡ ਦੇਣੀ' ਅਰਥ ਲਈ ਢੁਕਵਾਂ ਮੁਹਾਵਰਾ ਚੁਣੋ।**

ੳ. ਅੱਖਾਂ ਮੀਟ ਜਾਣਾ ਅ. ਅੱਖਾਂ ਫੇਰ ਲੈਣੀਆਂ

ੲ. ਅਲਖ ਮੁਕਾਉਣਾ ਸ. ਅੰਗੂਠਾ ਦਿਖਾਉਣਾ।

**98. ਅਖਾਣ ਪੂਰਾ ਕਰੋ –**

**ਉਹ ਕਿਹੜੀ ਗ਼ਲੀ ..................**

ੳ. ਜਦ ਘੋੜੀ ਚੜ੍ਹਿਆ ਕੁੱਬਾ ਅ. ਮੈਂ ਲਾੜੇ ਦੀ ਤਾਈ

ੲ. ਪੱਖੇ ਅੱਗੇ ਪੌਣ ਸ. ਜਿੱਥੇ ਭਾਗੋ ਨਹੀਂ ਖਲੀ।

**99. ਅਖਾਣ ਪੂਰੀ ਕਰੋ –**

**ਗ਼ਰੀਬਾਂ ਰੱਖੇ ਰੋਜ਼ੇ ...............**

ੳ. ਅਕਲ ਦਾ ਅੰਨ੍ਹਾ ਅ. ਸੌ ਬਿਮਾਰ

ੲ. ਆਖੇ ਖੂਹ ਕੌੜੀ ਸ. ਦਿਨ ਵੱਡੇ ਆਏ।

**100. 'ਉਲਟੀ ਵਾੜ ਖੇਤ ਨੂੰ ਖਾਏ' ਅਖਾਣ ਲਈ ਢੁਕਵਾਂ ਅਰਥ ਚੁਣੋ।**

ੳ. ਜਦੋਂ ਹਾਕਮ ਪਰਜਾ ਨੂੰ ਦੁੱਖ ਦੇਵੇ ਅ. ਨਿਕੰਮੇ ਆਦਮੀ ਲਈ

ੲ. ਮੰਗ ਜ਼ਿਆਦਾ ਤੇ ਵਸਤੂ ਘੱਟ ਹੋਵੇ ਲਈ ਸ. ਉਪਰੋਕਤ ਸਾਰੇ।

**101. ਅਖਾਣ ਪੂਰਾ ਕਰੋ –**

**ਅਕਲ ਦਾ ਅੰਨ੍ਹਾ ਤੇ ................।**

ੳ. ਤੂੰਬਾ ਫੂਕਣਾ ਅ. ਮੈਂ ਲਾੜੇ ਦੀ ਤਾਈ

ੲ. ਗੰਢ ਦਾ ਪੂਰਾ ਸ. ਘੋੜੀ ਚੜ੍ਹਿਆ ਕੁੱਬਾ।

**102. ਸ਼ਬਦ 'ਕੱਚਾ' ਦੇ ਕਿਹੜੇ ਅਰਥ ਗ਼ਲਤ ਹਨ?**

ੳ. ਇਹ ਸੇਬ ਕੱਚਾ ਹੈ ਅ. ਕੱਚਾ ਕੰਮ ਕਾਪੀ ਦੇ ਹਾਸ਼ੀਏ 'ਤੇ ਕਰੋ

ੲ. ਕੱਚਾ ਕਾਗ਼ਜ਼ ਪਾੜ ਦਿਓ ਸ. ਮੇਰਾ ਜੀਅ ਕੱਚਾ ਹੋ ਰਿਹਾ ਹੈ।

**103. 'ਕਲੀ' ਸ਼ਬਦ ਦੇ ਗ਼ਲਤ ਅਰਥ ਚੁਣੋ?**

ੳ. ਅਸੀਂ ਭਾਂਡੇ ਕਲੀ ਕਰਵਾਏ ਅ. ਗੁਲਾਬ ਦੀ ਕਲੀ ਬਹੁਤ ਸੁੰਦਰ ਹੈ

ੲ. ਅਸੀਂ ਆਪਣੇ ਘਰ ਨੂੰ ਕਲੀ ਕਰਵਾਈ ਸ. ਉਸ ਦੀ ਕਲੀ ਵਿੱਚ ਦਰਦ ਹੋ ਰਿਹਾ ਹੈ।

**104. 'ਉਸਨੇ ਖੱਟੀ ਚੁੰਨੀ ਲਈ ਹੋਈ ਹੈ।' ਇਸ ਵਾਕ ਵਿੱਚ 'ਖੱਟੀ' ਸ਼ਬਦ ਦੇ ਕੀ ਅਰਥ ਹਨ?**

ੳ. ਲਾਲ ਅ. ਹਰੀ

ੲ. ਚਿੱਟੀ ਸ. ਪੀਲ਼ੀ।

**105. 'ਕੱਲ੍ਹ ਉਸ ਨੂੰ ਦਿਲ ਦਾ ਦੌਰਾ ਪੈ ਗਿਆ।' ਇਸ ਵਾਕ ਵਿੱਚ 'ਦੌਰਾ' ਸ਼ਬਦ ਦੇ ਕੀ ਅਰਥ ਹਨ?**

ੳ. ਇੱਕ ਬਿਮਾਰੀ ਅ. ਖ਼ੁਸ਼ੀ

ੲ. ਉਦਾਸੀ ਸ. ਹੈਰਾਨੀ।

**106. 'ਵੱਟ' ਸ਼ਬਦ ਦਾ ਸਹੀ ਅਰਥ ਚੁਣੋ–**

ੳ. ਖੇਤ ਦੀ ਵੱਟ ਅ. ਗਰਮੀ

ੲ. ਦਰਦ ਸ. ਉਪਰੋਕਤ ਸਾਰੇ।

**107. 'ਜੱਗ' ਸ਼ਬਦ ਦਾ ਸਹੀ ਅਰਥ ਚੁਣੋ–**

ੳ. ਇੱਕ ਭਾਂਡਾ ਅ. ਦੁਨੀਆ

ੲ. ਦਾਨ-ਪੁੰਨ ਸ. ਉਪਰੋਕਤ ਸਾਰੇ।

**108. ਗ਼ਲਤ ਵਾਕ ਦੀ ਚੋਣ ਕਰੋ –**

ੳ. ਮੰਡੀ ਵਿੱਚ ਸਵੇਰੇ ਬੋਲੀ ਲੱਗਦੀ ਹੈ | ਅ. ਪੰਜਾਬੀ ਸਾਡੀ ਮਾਂ ਬੋਲੀ ਹੈ

ੲ. ਗਿੱਧੇ ਵਿੱਚ ਕੁੜੀਆਂ ਨੇ ਬੋਲੀ ਪਾਈ | ਸ. ਕੁੜੀਆਂ ਬੋਲੀ ਰਹੀਆਂ ਹਨ।

**109. ਹੇਠ ਲਿਖਿਆਂ ਵਿੱਚੋਂ ਛੁੱਟ-ਮਰੋੜੀ ਵਿਸਰਾਮ-ਚਿੰਨ੍ਹ ਕਿਹੜਾ ਹੈ?**

ੳ. (;) | ਅ. (:)

ੲ. (“) | ਸ. (’)

**110. ‘ਤੂੰ ਕਿੱਥੇ ਜਾ ਰਿਹਾ ਹੈਂ’ ਵਾਕ ਦੇ ਅੰਤ ਵਿੱਚ ਕਿਹੜਾ ਵਿਸਰਾਮ-ਚਿੰਨ੍ਹ ਲੱਗੇਗਾ?**

ੳ. (।) | ਅ. (!)

ੲ. (?) | ਸ. (.)

**111. ਸਹੀ ਵਾਕ ਚੁਣੋ –**

ੳ. ਕੀ ਤੁਸੀਂ ਛੇਵੀਂ ਜਮਾਤ ਵਿੱਚ ਪੜ੍ਹਦੇ ਹੋ। | ਅ. ਕੀ ਤੁਸੀਂ ਛੇਵੀਂ ਜਮਾਤ ਵਿੱਚ ਪੜ੍ਹਦੇ ਹੋ?

ੲ. ਕੀ ਤੁਸੀਂ ਛੇਵੀਂ ਜਮਾਤ ਵਿੱਚ ਪੜ੍ਹਦੇ ਹੋ. | ਸ. ਕੀ ਤੁਸੀਂ ਛੇਵੀਂ ਜਮਾਤ ਵਿੱਚ ਪੜ੍ਹਦੇ ਹੋ !

**112. ਸਹੀ ਵਾਕ ਚੁਣੋ –**

ੳ. ਸ਼ਾਬਾਸ਼ ਮੁੰਡਿਓ ! | ਅ. ਸ਼ਾਬਾਸ਼ ਮੁੰਡਿਓ ,

ੲ. ਸ਼ਾਬਾਸ਼ ! ਮੁੰਡਿਓ | ਸ. ਸ਼ਾਬਾਸ਼ ਮੁੰਡਿਓ?

**113. ‘ਡੰਡੀ’ ਵਿਸਰਾਮ-ਚਿੰਨ੍ਹ ਚੁਣੋ –**

ੳ. (।) | ਅ. (! )

ੲ. (?) | ਸ. ( . )

**114. ‘ਕਾਮਾ’ ਵਿਸਰਾਮ-ਚਿੰਨ੍ਹ ਚੁਣੋ –**

ੳ. (;) | ਅ. (,)

ੲ. (“) | ਸ. (’)

**115. ਪੰਦਰਾਂ ਅਗਸਤ ਦਾ ਦਿਨ ਸਾਡੇ ਲਈ ਕਿਉਂ ਮਹੱਤਵਪੂਰਨ ਹੈ?**

ੳ. ਭਾਰਤ ਆਜ਼ਾਦ ਹੋਇਆ ਸੀ | ਅ. ਮਹਾਤਮਾ ਗਾਂਧੀ ਜੀ ਦਾ ਜਨਮ ਹੋਇਆ ਸੀ

ੲ. ਸੰਵਿਧਾਨ ਲਾਗੂ ਹੋਇਆ ਸੀ | ਸ. ਖ਼ਾਲਸਾ ਪੰਥ ਦੀ ਸਾਜਨਾ ਹੋਈ ਸੀ।

**116. ਪੰਦਰਾਂ ਅਗਸਤ ਨੂੰ ਹੋਰ ਕਿਸ ਨਾਮ ਨਾਲ਼ ਜਾਣਿਆ ਜਾਂਦਾ ਹੈ?**

ੲ. ਗਣਤੰਤਰ ਦਿਵਸ | ਅ. ਸੁਤੰਤਰਤਾ ਦਿਵਸ

ੲ. ਵਾਤਾਵਰਨ ਦਿਵਸ | ਸ. ਮਜ਼ਦੂਰ ਦਿਵਸ।

**117. ਪੰਦਰਾਂ ਅਗਸਤ ਨੂੰ ਲਾਲ ਕਿਲੇ ’ਤੇ ਝੰਡਾ ਕੌਣ ਝੁਲਾਉਂਦਾ ਹੈ?**

ੳ. ਰਾਸ਼ਟਰਪਤੀ | ਅ. ਪ੍ਰਧਾਨ ਮੰਤਰੀ

ੲ. ਮੁੱਖ ਮੰਤਰੀ | ਸ. ਗਵਰਨਰ।

**118. ਭਾਰਤ ਕਦੋਂ ਅਜ਼ਾਦ ਹੋਇਆ?**

ੳ. 15 ਅਗਸਤ, 1947 | ਅ. 15 ਅਗਸਤ, 1950

ੲ. 15 ਅਗਸਤ, 1974 | ਸ. 15 ਅਗਸਤ, 1954.

**119. ਤਿਰੰਗੇ ਝੰਡੇ ਵਿੱਚ ਕਿੰਨੇ ਰੰਗ ਹਨ?**

ੳ. ਤਿੰਨ | ਅ. ਚਾਰ

ੲ. ਪੰਜ | ਸ. ਦੋ।

**120. ਇਤਿਹਾਸਕ ਸਥਾਨ ਦਾ ਸੰਬੰਧ ਕਿਸ ਨਾਲ਼ ਹੁੰਦਾ ਹੈ?**

ੳ. ਮਿਥਿਹਾਸ ਦੀ ਘਟਨਾ ਨਾਲ਼ | ਅ. ਧਾਰਮਿਕ ਘਟਨਾ ਨਾਲ਼

ੲ. ਕਲਪਨਾ ਨਾਲ਼ | ਸ. ਇਤਿਹਾਸਕ ਘਟਨਾ ਨਾਲ਼।

**121. ਹੇਠ ਲਿਖਿਆਂ ਵਿੱਚੋਂ ਇਤਿਹਾਸਕ ਸਥਾਨ ਚੁਣੋ?**

ੳ. ਸਾਇੰਸ-ਸਿਟੀ | ਅ. ਤਾਜ ਮਹਿਲ

ੲ. ਰੋਜ਼ ਗਾਰਡਨ | ਸ. ਸੁਖਨਾ ਝੀਲ।

**122. ਚਿੱਠੀ ਪੱਤਰ ਕਿੰਨੀ ਤਰ੍ਹਾਂ ਦੇ ਹੁੰਦੇ ਹਨ?**
ੳ. ਚਾਰ — ਅ. ਪੰਜ
ੲ. ਛੇ — ਸ. ਤਿੰਨ।

**123. ਤੁਸੀਂ ਸਾਈਕਲ ਦੀ ਚੋਰੀ ਦੀ ਰਿਪੋਰਟ ਲਿਖਾਉਣ ਲਈ ਬਿਨੈ-ਪੱਤਰ ਕਿਸ ਨੂੰ ਲਿਖੋਗੇ?**
ੳ. ਮੁੱਖ ਅਧਿਆਪਕ ਜੀ ਨੂੰ — ਅ. ਪਿੰਡ ਦੇ ਸਰਪੰਚ ਨੂੰ
ੲ. ਬੈਂਕ ਮੈਨੇਜਰ ਨੂੰ — ਸ. ਥਾਣੇਦਾਰ ਨੂੰ।

**124. ਸਾਲਾਨਾ ਸਮਾਰੋਹ ਕੀ ਹੁੰਦਾ ਹੈ?**
ੳ. ਛੇ ਮਹੀਨਿਆਂ ਬਾਅਦ ਮਨਾਇਆ ਜਾਂਦਾ ਹੈ — ਅ. ਸਾਲ ਬਾਅਦ ਮਨਾਇਆ ਜਾਂਦਾ ਹੈ
ੲ. ਤਿੰਨ ਮਹੀਨਿਆਂ ਬਾਅਦ ਮਨਾਇਆ ਜਾਂਦਾ ਹੈ — ਸ. ਇੱਕ ਮਹੀਨੇ ਬਾਅਦ ਮਨਾਇਆ ਜਾਂਦਾ ਹੈ।

**125. ਸਕੂਲ ਵਿੱਚ ਦਾਖ਼ਲਾ ਲੈਣ ਲਈ ਪੱਤਰ ਕਿਸ ਨੂੰ ਲਿਖੋਗੇ?**
ੳ. ਸਰਪੰਚ ਨੂੰ — ਅ. ਮੁੱਖ ਅਧਿਆਪਕ ਨੂੰ
ੲ. ਪਿਤਾ ਜੀ ਨੂੰ — ਸ. ਥਾਣੇਦਾਰ ਸਾਹਿਬ ਨੂੰ।

**126. 'ਮੁੰਡਾ' ਸ਼ਬਦ ਦਾ ਲਿੰਗ ਬਦਲੋ –**
ੳ. ਕੁੜੀ — ਅ. ਮੁੰਡੇ
ੲ. ਮੁੰਡਿਆਂ — ਸ. ਕੁੜੀਆਂ।

**127. 'ਪੁੱਤਰ' ਸ਼ਬਦ ਦਾ ਲਿੰਗ ਬਦਲੋ –**
ੳ. ਪੁੱਤਰਾਂ — ਅ. ਪੁੱਤਰੀ
ੲ. ਪੁੱਤਰੀਆਂ — ਸ. ਉਪਰੋਕਤ ਵਿੱਚੋਂ ਕੋਈ ਨਹੀਂ।

**128. ਨਾਂਵ ਦੇ ਜਿਸ ਰੂਪ ਤੋਂ ਜ਼ਨਾਨੇ ਅਤੇ ਮਰਦਾਵੇਂ ਭੇਦ ਦਾ ਪਤਾ ਲੱਗਦਾ ਹੈ, ਉਸ ਨੂੰ ਕੀ ਕਹਿੰਦੇ ਹਨ?**
ੳ. ਵਚਨ — ਅ. ਲਿੰਗ
ੲ. ਕਾਲ — ਸ. ਕਿਰਿਆ।

**129. ਲਿੰਗ ਸ਼ਬਦ ਪੰਜਾਬੀ ਵਿੱਚ ਕਿੰਨੇ ਪ੍ਰਕਾਰ ਦੇ ਹਨ?**
ੳ. ਤਿੰਨ — ਅ. ਦੋ
ੲ. ਸੱਤ — ਸ. ਚਾਰ।

**130. 'ਸ਼ੇਰ' ਸ਼ਬਦ ਵਿੱਚ ਕਿਹੜੀ ਮਾਤਰਾ ਵਰਤ ਕੇ ਲਿੰਗ ਬਦਲਿਆ ਗਿਆ ਹੈ?**
ੳ. ਇ — ਅ. ਨੀ
ੲ. ਈ — ਸ. ਉਪਰੋਕਤ ਵਿੱਚੋਂ ਕੋਈ ਨਹੀਂ।

**131. 'ਸੋਨੇ ਦਾ ਅੰਡਾ ਦੇਣ ਵਾਲ਼ੀ ਮੁਰਗੀ' ਕਹਾਣੀ ਤੋਂ ਕੀ ਸਿੱਖਿਆ ਮਿਲ਼ਦੀ ਹੈ?**
ੳ. ਮਿਲ਼ ਕੇ ਰਹਿਣ ਦੀ — ਅ. ਮਿਹਨਤ ਕਰਨ ਦੀ
ੲ. ਇਮਾਨਦਾਰ ਹੋਣ ਦੀ — ਸ. ਲਾਲਚ ਨਾ ਕਰਨ ਦੀ।

**132. 'ਦਰਜ਼ੀ ਅਤੇ ਹਾਥੀ' ਕਹਾਣੀ ਤੋਂ ਕੀ ਸਿੱਖਿਆ ਮਿਲ਼ਦੀ ਹੈ?**
ੳ. ਮਿਲ਼ ਕੇ ਰਹਿਣ ਦੀ — ਅ. ਅਦਲੇ ਦਾ ਬਦਲਾ
ੲ. ਇਮਾਨਦਾਰ ਹੋਣ ਦੀ — ਸ. ਲਾਲਚ ਨਾ ਕਰਨ ਦੀ।

**133. 'ਸਿਆਣਾ ਕਾਂ' ਕਹਾਣੀ ਤੋਂ ਕੀ ਸਿੱਖਿਆ ਮਿਲ਼ਦੀ ਹੈ?**
ੳ. ਮੁਸੀਬਤ ਸਮੇਂ ਸਿਆਣਪ ਹੀ ਕੰਮ ਆਉਂਦੀ ਹੈ — ਅ. ਅਦਲੇ ਦਾ ਬਦਲਾ
ੲ. ਇਮਾਨਦਾਰ ਹੋਣ ਦੀ — ਸ. ਲਾਲਚ ਨਾ ਕਰਨ ਦੀ।

**134. 'ਲਾਲਚੀ ਕੁੱਤਾ' ਕਹਾਣੀ ਤੋਂ ਕੀ ਸਿੱਖਿਆ ਮਿਲ਼ਦੀ ਹੈ?**
ੳ. ਮਿਲ਼ ਕੇ ਰਹਿਣ ਦੀ — ਅ. ਅਦਲੇ ਦਾ ਬਦਲਾ
ੲ. ਇਮਾਨਦਾਰ ਹੋਣ ਦੀ — ਸ. ਲਾਲਚ ਨਾ ਕਰਨ ਦੀ।

**135. ' ਸ਼ਿਕਾਰੀ ਅਤੇ ਕਬੂਤਰ' ਕਹਾਣੀ ਤੋਂ ਕੀ ਸਿੱਖਿਆ ਮਿਲ਼ਦੀ ਹੈ?**
ੳ. ਮਿਲ਼ ਕੇ ਰਹਿਣ ਦੀ — ਅ. ਅਦਲੇ ਦਾ ਬਦਲਾ
ੲ. ਏਕਤਾ ਵਿੱਚ ਬਲ ਹੈ — ਸ. ਲਾਲਚ ਨਾ ਕਰਨ ਦੀ।

➢ ਹੇਠ ਦਿੱਤੇ ਡੱਬੇ ਵਿੱਚੋਂ ਸਾਰਥਕ ਸ਼ਬਦ ਚੁਣ ਕੇ ਲਿਖੋ :

1. ..........................
2. ..........................
3. ..........................
4. ..........................
5. ..........................
6. ..........................
7. ..........................
8. ..........................
9. ..........................
10. ..........................

| | | | | | | | | | |
|---|---|---|---|---|---|---|---|---|---|
| ਅ | ਮ | ਨ | ਮੁ | ਟਿ | ਆ | ਰਾਂ | ਏ | ਦ | ਖ |
| ਕ | ਪੀ | ਜ਼ | ਮੀ | ਨਾਂ | ੲ | ਧ | ਘ | ਜਿ | ਬ |
| ਸ | ਘਾਂ | ਮ | ਫ਼ੀ | ਰੋ | ਜ਼ | ਦੀ | ਨ | ਹ | ਲ਼ |
| ਰ | ਜ | ਦੇ | ਸ | ਜੋ | ਛ | ਪੰ | ਡਾ | ਲ | ਡਾ |
| ਹੀ | ਸ | ਮੋ | ਤੀ | ਹਾ | ਲ | ਜਾ | ਬਾ | ਮ | ਕ |
| ਰੇ | ਤ | ਟ | ਚ | ਰ | ਖੇ | ਬ | ਗ਼ | ਕ | ਖ਼ਾ |
| ਅ | ਲੁ | ਸ਼ | ਰ | ਫ਼ | ਅ | ਰ | ਵ | ਉ | ਨਾ |
| ਤ | ਜ | ਝ | ਪ | ਰ | ਟ | ਕ | ਚ | ਨਾ | ਬ |
| ਭ | ਰਾ | ਵੀ | ਰਾ | ਕ | ਖੇ | ਤ | ਨ | ਬ | ਲ |
| ੜ | ਖ | ਹ | ਲੀ | ਤ | ਗੁ | ਲਾ | ਬ | ਰ | ਬ |

➢ ਹੇਠ ਦਿੱਤੇ ਡੱਬੇ ਵਿੱਚੋਂ ਸਾਰਥਕ ਸ਼ਬਦ ਚੁਣ ਕੇ ਲਿਖੋ :

1. ..........................
2. ..........................
3. ..........................
4. ..........................
5. ..........................
6. ..........................
7. ..........................
8. ..........................
9. ..........................
10. ..........................

| | | | | | | | | | |
|---|---|---|---|---|---|---|---|---|---|
| ਕ | ਤਿ | ਅ | ਜ਼ਾ | ਦੀ | ਨਿ | ਸ਼ਾ | ਨ | ਦ | ਭਾ |
| ਸ | ਰੰ | ਗ | ਕ | ਨ | ਰਾ | ਵ | ਜ | ਲ | ਸ਼ਾ |
| ਰ | ਗਾ | ਤ | ਸ਼ਿ | ਵ | ਲੀ | ਅ | ਵਿ | ਧਾ | ਨ |
| ਤ | ਥਾ | ਏ | ਕੁ | ਮਾ | ਰ | ਧ | ਕੇ | ਸ | ਲ |
| ਸ਼ਾਂ | ਚੱ | ਕ | ਰ | ਸਾ | ਵਾ | ਸੀ | ਸ | ਰੀ | ਰ |
| ਤੀ | ਈ | ਤਾ | ਹ | ਨਾ | ਅ | ਮ | ਰੀ | ਹ | ਰਾ |
| ਸ | ਬਾ | ਣਾ | ਥ | ਠ | ਸ਼ੋ | ਭਾ | ਈ | ਡ | ਮ |
| ਰਾ | ਕ | ਘ | ਚਿੱ | ਕੇ | ਕ | ਝੰ | ਡਾ | ਲੀ | ਲਾ |
| ਗ | ਲ | ਰ | ਟਾ | ਸ | ਰ | ਗ | ਖ਼ | ਤ | ਨ |
| ਤ | ਮ | ਈ | ਦ | ਰੀ | ਮ | ਕ | ਮੀ | ਜ਼ | ਸ |

## ➢ ਹੇਠ ਦਿੱਤੇ ਡੱਬੇ ਵਿੱਚੋਂ ਸਾਰਥਕ ਸ਼ਬਦ ਚੁਣ ਕੇ ਲਿਖੋ :

1. ..........................
2. ..........................
3. ..........................
4. ..........................
5. ..........................
6. ..........................
7. ..........................
8. ..........................
9. ..........................
10. ..........................

| | | | | | | | | | |
|---|---|---|---|---|---|---|---|---|---|
| ਸੁ | ੳ | ਨਿੱ | ਕੀ | ਰ | ਤੀ | ਬੰ | ਦਿ | ਆਂ | ਜੰ |
| ਰ | ਧ | ਲ | ੜੀ | ਮ | ਬੱ | ਸ | ਦ | ਰ | ਜ਼ੀ |
| ਜੀ | ਰ | ਪ | ਲ | ਨ | ਐੌ | ਕ | ੜ | ਜ | ਰ |
| ਤ | ਤੀ | ਰ | ਗ | ਕੰ | ਮ | ਨ | ਜ | ਲ | ਦੀ |
| ਅ | ਧਿ | ਆ | ਨ | ਧ | ਰ | ਤੀ | ਨ | ਚ | ਦੀ |
| ਬ | ੳ | ਅ | ਕਿ | ਜ | ਜਾ | ਰ | ਮ | ਵੱ | ਡੀ |
| ਦ | ਬ | ਸਿੰ | ਤਾ | ਗ | ਮਾ | ਅ | ਦਿ | ਮਾ | ਗ਼ |
| ਲ | ਰ | ਘ | ਬ | ਰ | ਕ | ਤ | ਨ | ਰੁੱ | ਰੀ |
| ਅ | ਕ | ਬ | ਰ | ਜੀ | ਵ | ਨ | ਭ | ਝੀ | ਬ |
| ਰ | ਤ | ਨ | ਹ | ੳ | ਹ | ਬ | ਕ | ਮੀ | ਜ਼ੀ |

## ➢ ਹੇਠ ਦਿੱਤੇ ਡੱਬੇ ਵਿੱਚੋਂ ਸਾਰਥਕ ਸ਼ਬਦ ਚੁਣ ਕੇ ਲਿਖੋ :

1. ..........................
2. ..........................
3. ..........................
4. ..........................
5. ..........................
6. ..........................
7. ..........................
8. ..........................
9. ..........................
10. ..........................

| | | | | | | | | | |
|---|---|---|---|---|---|---|---|---|---|
| ਗ | ੳ | ਮ | ਬ | ਲਿ | ਹਾ | ਰ | ਓ | ਵ | ਹ |
| ੳ | ਹ | ਨ | ਰ | ਮ | ਹਿ | ਮਾ | ਤ | ਚ | ਗ |
| ਅ | ਕ | ਵ | ਟ | ਕ | ਲ | ਪਿ | ਜ | ਣ | ਕ |
| ਸੂ | ਲ | ਪ | ਰ | ਬ | ਤ | ਲ | ਬ | ਰ | ਫ਼ |
| ਰ | ਹ | ਖ | ਲ | ਕ | ਤ | ਗ | ਬ | ਕ | ਟ |
| ਜ | ਜ | ਜ਼ | ਗ | ਲ | ਡ | ਡ | ਦ | ਰਿ | ਆ |
| ਵ | ਰੌ | ਸ਼ | ਨੀ | ਧ | ਰ | ਤੀ | ਡ | ਡ | ਸ |
| ਨ | ਬ | ਬ | ਦ | ਡ | ਗ | ੲ | ਹ | ਗ | ਲ |
| ਡ | ਜ | ਟ | ਕੁੱ | ਖ | ਅ | ਪਿ | ਆ | ਰ | ਗ |
| ਸੁ | ਗਾ | ਤ | ਸ | ਬੱ | ਦ | ਲ | ਦ | ਡ | ਰ |

## ➢ ਹੇਠ ਦਿੱਤੇ ਡੱਬੇ ਵਿੱਚੋਂ ਸਾਰਥਕ ਸ਼ਬਦ ਚੁਣ ਕੇ ਲਿਖੋ :

1. ..........................
2. ..........................
3. ..........................
4. ..........................
5. ..........................
6. ..........................
7. ..........................
8. ..........................
9. ..........................
10. ..........................

| | | | | | | | | | |
|---|---|---|---|---|---|---|---|---|---|
| ੳ | ਕ | ਜ | ਹਾ | ਨ | ਰ | ਦ | ਬ | ਹਾ | ਨ |
| ਕੇ | ਸ | ਰੀ | ਜ | ਝ | ਬ | ਰ | ੳ | ਥੀ | ਡ |
| ਲਾ | ਰ | ਧ | ਨੀ | ਧ | ਸੰ | ਜ਼ੀ | ਪੰ | ਛੀ | ਆਂ |
| ਭੌ | ਤ | ਅ | ਵ | ਰਾ | ਤ | ਚ | ਨ | ਛ | ਰ |
| ਰੇ | ਕਾ | ਕ | ਗ | ਮ | ਲਾ | ਬਾ | ਗ਼ | ਮ | ਤ |
| ਪੀ | ਲ਼ਾ | ਹ | ਲ਼ | ਕੱ | ਜ | ਲ | ਢ | ਣ | ਅ |
| ਨੈ | ੳ | ਚਾ | ੜ੍ਹ | ਕ | ਤਾ | ਰ | ਮਾ | ਖੰ | ਭ |
| ਣ | ਚ | ਰ | ਲ | ਰਾਂ | ਆ | ਟਾ | ਲੀ | ਡ | ੳ |
| ਟ | ਮ | ਟ | ਮ | ਲ | ਕਾ | ਰੱ | ਬ | ਨ | ਟ |
| ਸੱ | ਚ | ੳ | ੜ੍ਹੰ | ਵ | ਣ | ਗ | ਫ | ਡ | ਬ |

## ➢ ਹੇਠ ਦਿੱਤੇ ਡੱਬੇ ਵਿੱਚੋਂ ਸਾਰਥਕ ਸ਼ਬਦ ਚੁਣ ਕੇ ਲਿਖੋ :

1. ..........................
2. ..........................
3. ..........................
4. ..........................
5. ..........................
6. ..........................
7. ..........................
8. ..........................
9. ..........................
10. ..........................

| | | | | | | | | | |
|---|---|---|---|---|---|---|---|---|---|
| ਇ | ਦਾ | ਕ | ਮ | ਸੀ | ਆ | ਜ | ਬਿ | ਮਾ | ਰੀ |
| ਅ | ਉ | ਸੁ | ਥ | ਰਾ | ਬ | ਭ | ਪ | ਦ | ਹ |
| ਪ | ਫ | ਮ | ਰ | ਅ | ਸੁ | ਸ | ਤ | ਕ | ਹ |
| ੳ | ਸ | ੲ | ਅ | ਮ | ਡ | ਗ | ਸ | ਨ | ਨੇ |
| ਜ | ਸ | ਕ | ਰ | ਨੁ | ਸ | ਸ਼ਾ | ਤ | ਕ | ਰੀ |
| ਗਾ | ਕ | ਡਾ | ਗ | ਫ | ਦ | ਟ | ਨ | ਖੋ | ਮ |
| ਦ | ਫੂ | ਕ | ਰ | ਪ | ਹਿ | ਲ | ੲ | ਤਾ | ਜ |
| ਵਾ | ਕ | ਟ | ਦ | ਰ | ਸ | ਬ | ਦ | ਹ | ਨ |
| ਈ | ਹ | ਰ | ਕ | ਮ | ਅ | ਰ | ਬੀ | ਗ | ਲ |
| ਟ | ਬੂ | ਰਾ | ਮ | ਹਾ | ਸਾ | ਘ | ਡ | ਬ | ਕੀ |